

ਅਰਦਾਸ

ਸੰਪਾਦਕ
ਬਲਬੀਰ ਸਿੰਘ
ਸੰਧੂ



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਅਸਾਂਡੇ ਪ੍ਰੀਤਮ

ਕਰੀ ਪ੍ਰੀਤਮ ਨਿਮਾਣੀ ਦੀ ਰਾਖੀ

ਤੂੰ

ਮਿਤ੍ਰ ਮਿਤ੍ਰ ਜਗਜੀਤ ਜਗਜੀਤ

ਤੇਰਾ

[illegible]

6.12.1969

ਆਦਿ ਸਚੁ

(ਜਪੁਜੀ ਸਾਹਿਬ ਦਾ ਕਾਵਿ-ਅਨੁਵਾਦ)

ਸਵਰਗਵਾਸੀ

ਗਿਆਨੀ ਸਰਦਾਰਾ ਸਿੰਘ

ਤਰਨ ਤਾਰਨ

ਸੰਪਾਦਕ : ਬਲਬੀਰ ਸਿੰਘ ਸੰਧੂ

ਜਤਿੰਦਰ ਪਬਲਿਸ਼ਿੰਗ ਕੰਪਨੀ

ਖਿੰਗਰਾਂ ਗੇਟ, ਜਲੰਧਰ ਸ਼ਹਿਰ ।

ਪਹਿਲੀ ਵਾਰ : ਨਵੰਬਰ ੧੯੬੯

ਪ੍ਰਕਾਸ਼ਕ :—ਅਮਰਜੀਤ ਸੰਧੂ
ਸ਼ਹੀਦ ਭਗਤ ਸਿੰਘ ਪ੍ਰਕਾਸ਼ਨ
ਜਲੰਧਰ ।
ਛਾਪਕ :—ਅਨੂਪਮ ਪ੍ਰਿੰਟਿੰਗ ਪ੍ਰੈਸ,
ਚਹਾਰ ਬਾਗ਼, ਜਲੰਧਰ ।
ਭੇਟਾ :—ਰੁਪੈ 4—50

ਸਮਰਪਣ

ਗੁਰੂ ਨਾਨਕ ਦੇਵ ਜੀ ਦੀ
ਪੰਜ ਸੌ ਸਾਲਾ ਸ਼ਤਾਬਦੀ
ਨੂੰ

੨੩ ਨਵੰਬਰ ੧੯੬੯

੧ ੴ ਸਤਿਗੁਰ ਪ੍ਰਸਾਦਿ

ਜਪੁਜੀ ਸਾਹਿਬ ਦਾ ਕਾਵਿ-ਅਨੁਵਾਦ

(ਸਫਾ ੧੦ ਤੋਂ ੯੩)

ਵਲੋਂ

ਸਵਰਗਵਾਸੀ ਗਿਆਨੀ ਸਰਦਾਰਾ ਸਿੰਘ

ਸੱਚ ਖੰਡ ਰੋਡ
ਗਲੀ ਮਾਹੀ ਗੁੱਜਰ
ਤਰਨ ਤਾਰਨ

ਸੰਪਾਦਕ

ਬਲਬੀਰ ਸਿੰਘ ਸੰਧੂ

ਜਪੁਜੀ ਸਾਹਿਬ
ਇਕ
ਵਿਚਾਰ-ਪ੍ਰਧਾਨ ਕਾਵਿ

(ਸਫਾ ੯੫ ਤੋਂ ੧੦੦)

ਵੱਲੋਂ

ਸ੍ਰ: ਲਾਲ ਸਿੰਘ
ਡਾਇਰੈਕਟਰ ਭਾਸ਼ਾ ਵਿਭਾਗ
ਪੰਜਾਬ

ਜਪੁਜੀ ਸਾਹਿਬ ਦਾ ਬਹੁ ਪੱਖੀ ਅਧਿਐਨ

(ਸਫਾ ੧੦੧ ਤੋਂ ੧੨੬)

ਵੱਲੋਂ

ਪ੍ਰੋ: ਪਰਕਾਸ਼ ਸਿੰਘ
ਸਿਖ ਇਤਹਾਸ ਖੋਜ ਵਿਭਾਗ
ਖਾਲਸਾ ਕਾਲਜ, ਅਮ੍ਰਿਤਸਰ ।

ਜਪੁਜੀ

(ਸਫਾ ੧੨੭ ਤੋਂ ੧੩੩)

ਵੱਲੋਂ

ਸ੍ਰ: ਕਰਤਾਰ ਸਿੰਘ ਦੁੱਗਲ

ਜਪੁਜੀ ਸਾਹਿਬ ਦਾ ਮੂਲ ਉਪਦੇਸ਼

ਸਫਾ ੧੩੪ ਤੋਂ ੧੫੬

ਵੱਲੋਂ

ਪ੍ਰੋ: ਦੀਵਾਨ ਸਿੰਘ

ਮੁਖੀ, ਪੰਜਾਬੀ ਵਿਭਾਗ

ਖਾਲਸਾ ਕਾਲਜ, ਅਮ੍ਰਿਤਸਰ

ਮੌਦੜੀ

ਹਰ ਮਹਾਂ ਪੁਰਸ਼ ਦਾ ਜੀਵਨ ਆਪਣੇ ਯੁੱਗ ਵਿੱਚ ਮਨੁੱਖਤਾ ਦੇ ਹਿੱਤ ਲਈ ਕੀਤੇ ਘੋਲ ਦੀਆਂ ਪੈੜਾਂ, ਕਿਸੇ ਨਾ ਕਿਸੇ ਰੂਪ ਵਿੱਚ, ਆਉਣ ਵਾਲੀਆਂ ਪੀੜ੍ਹੀਆਂ ਦੀ ਯਾਦ ਲਈ ਛੱਡ ਜਾਂਦਾ ਹੈ। ਅਸਲ ਵਿੱਚ ਉਨ੍ਹਾਂ ਦੇ ਸੱਚੇ ਸੁੱਚੇ ਜੀਵਨ ਦੇ ਇਹ ਇਤਹਾਸਕ ਚਿੰਨ ਹੀ ਭੱਵਿਖ ਵਿੱਚ ਵਿਚਰਨ ਵਾਲੇ ਯੁੱਗਾਂ ਨੂੰ ਸ੍ਵੈਮਾਨ, ਸ੍ਵੈਭਰੋਸੇ, ਖੁਸ਼ਹਾਲ ਤੇ ਸਿਹਤ ਮੰਦ ਆਤਨਕ ਜੀਵਨ ਦੀ ਤਕੜੀ ਪ੍ਰੇਰਣਾ ਦੇਂਦੇ ਰਹਿੰਦੇ ਹਨ ਅਤੇ ਇਨ੍ਹਾਂ ਮਹਾਪੁਰਸ਼ਾਂ ਵੱਲੋਂ ਸਮੇਂ ਸਮੇਂ ਮਿਲਦੀ ਰਹਿਣ ਵਾਲੀ ਇਹ ਪ੍ਰੇਰਣਾ ਹੀ ਇਕ ਤਰ੍ਹਾਂ ਨਾਲ ਨਰੋਏ ਇਨਕਲਾਬਾਂ ਦੀ ਜਨਮ ਦਾਤਾ ਹੁੰਦੀ ਹੈ।

ਅਸੀਂ ਕਿੰਨੇ ਭਾਗਾਂ ਵਾਲੇ ਹਾਂ ਕਿ ਸਾਨੂੰ ਗੁਰੂ ਨਾਨਕ ਸਾਹਿਬ ਜੀ ਦੀ ਜੀਵਨ ਫਿਲਾਸਫੀ ਅਤੇ ਆਮ ਲੋਕਾਂ ਤੇ ਮਨੁੱਖਤਾ ਦੇ ਹਿੱਤ ਖਾਤਰ ਕੀਤੇ ਗਏ ਘੋਲ ਦੀ ਇਤਹਾਸਕ ਯਾਦ ਨੇ, ਗੁਰੂ ਜੀ ਦੀ ਪੰਜ ਸੌ ਸਾਲਾ ਸ਼ਤਾਬਦੀ ਮਨਾਉਣ ਸਮੇਂ, ਉਨ੍ਹਾਂ ਦੀ ਜ਼ਿੰਦਗੀ ਅਤੇ ਮਨੁਖਤਾ ਦੇ ਅਸੂਲਾਂ ਨਾਲ ਭਰਭੂਰ ਵਿਚਾਰ ਧਾਰਾ ਉੱਪਰ, ਜੋ ਕਿ ਬਾਣੀ ਰੂਪ ਵਿਚ ਸਾਡੀ ਅੱਜ ਵੀ ਅਗਵਾਈ ਕਰਦੀ ਹੈ, ਗੰਭੀਰ ਰੂਪ ਵਿੱਚ ਵਿਚਾਰ ਕਰਨ ਦਾ ਅਵਸਰ ਬਖਸ਼ਿਆ ਹੈ।

ਇਸ ਅਵਸਰ 'ਚੋਂ ਉਗਮੀਆਂ ਕੁਝ ਵਿਸ਼ੇਸ਼ ਰਚਨਾਵਾਂ, ਜੋ ਕਿ ਗੁਰੂ ਨਾਨਕ ਦੇਵ ਜੀ ਦੀ ਸਰਵੋਤਮ ਬਾਣੀ 'ਜਪੁਜੀ' ਸਾਹਿਬ ਦੇ ਸਬੰਧ ਵਿੱਚ ਰਚੀਆਂ ਗਈਆਂ, ਮੇਰੇ ਸਾਹਮਣੇ ਆਈਆਂ ਤਾਂ ਮੈਨੂੰ ਉਹਨਾ ਵਿਚਲੇ ਵਿਚਾਰਾਂ ਨੂੰ ਗ੍ਰਹਿਣ ਕਰਕੇ ਇਸਤਰਾਂ ਮਹਿਸੂਸ ਹੋਇਆ ਕਿ ਜਿਵੇਂ ਉਹਨਾਂ ਵਿਚਲੀ ਨਰੋਈ ਚਮਕ ਯੁੱਗਾਂ ਯੁਗਾਂ ਤੱਕ ਗੁਰੂ ਸਾਹਿਬ ਦੀ ਵਿਚਾਰ ਧਾਰਾ ਨੂੰ ਸਪਸ਼ਟ ਤੇ ਸੌਖੇ ਰੂਪ ਵਿਚ ਆਮ ਲੁਕਾਈ ਨੂੰ ਸਮਝਾਉਣ ਵਿੱਚ ਸਹਾਇਕ ਸਿੱਧ ਹੁੰਦੀ ਰਹੇਗੀ।

ਇਹ ਰਚਨਾਵਾਂ ਵੱਖ ਵੱਖ ਮੋਤੀਆਂ ਦੇ ਰੂਪ ਵਿੱਚ ਵੱਖ ਵੱਖ ਦੈਨਿਕ, ਸਪਤਾ-ਹਕ ਤੇ ਮਾਸਕ ਪਤਰਾਂ ਤੋਂ ਛੁੱਟ ਗੁਰੂ ਨਾਨਕ ਪੰਜ ਸੌ ਸਾਲਾ ਸ਼ਤਾਬਦੀ ਦੇ ਸਬੰਧ ਵਿੱਚ ਪ੍ਰਕਾਸ਼ਤ ਕੀਤੇ ਗਏ ਵਿਸ਼ੇਸ਼ ਅੰਕਾ ਅੰਦਰ ਸੁੰਦਰ ਰੂਪ 'ਚ ਸੁਭਾਇਮਾਨ ਨਜ਼ਰੀ ਆਈਆਂ।

ਇਨ੍ਹਾਂ, ਗਿਆਨ ਅੰਮ੍ਰਿਤ ਦੀ ਚਮਕ ਨਾਲ ਭਰਭੂਰ, ਮੋਤੀਆਂ ਨੂੰ ਮੇਰਾ ਇਕ ਲੜੀ ਵਿੱਚ ਪਰੋ ਕੇ ਉਸਦੀ ਮਾਲਾ ਤਿਆਰ ਕਰਨ ਨੂੰ ਜੀਅ ਬਿਹਬਲ ਹੋ ਉੱਠਿਆ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਮਹਾਨ ਜੀਵਨ ਤੋਂ ਮਿਲੀ ਪ੍ਰੇਰਣਾ ਸਦਕਾ ਦਾਸ ਨੇ ਇਨ੍ਹਾਂ ਮੋਤੀਆਂ ਨੂੰ "ਆਦਿ ਸੱਚ' ਪੁਸਤਕ ਦਾ ਰੂਪ ਦੇਣ ਦਾ ਨਿਮਾਨਾ ਜਿਹਾ ਯਤਨ ਅਰੰਭ ਦਿੱਤਾ।

ਇਸ ਮਾਲਾ ਦਾ ਪਹਿਲਾ ਮਨਕਾ ਮੇਰੇ ਸਵਰਗਵਾਸੀ ਪਿਤਾ ਗਿਆਨੀ ਸਰਦਾਰਾ ਸਿੰਘ ਜੀ ਦਾ ਹੈ, ਜੋ ਜਪੁਜੀ ਸਾਹਿਬ ਦੇ ਕਾਵਿ-ਅਨੁਵਾਦ ਦੇ ਰੂਪ ਵਿੱਚ ਸੰਗਤਾਂ ਦੇ ਸਾਹਮਣੇ ਹੈ।

ਦੂਸਰਾ, ਤੀਸਰਾ, ਚੌਥਾ ਤੇ ਪੰਜਵਾਂ ਮਨਕਾ ਲੜੀਵਾਰ ਰੂਪ ਵਿੱਚ ਸ੍ਰ: ਲਾਲ ਸਿੰਘ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਪ੍ਰੋ: ਪਰਕਾਸ਼ ਸਿੰਘ ਖਾਲਸਾ ਕਾਲਜ ਅਮ੍ਰਿਤਸਰ, ਸ੍ਰ: ਕਰਤਾਰ ਸਿੰਘ ਦੁੱਗਲ ਅਤੇ ਪ੍ਰੋ: ਦੀਵਾਨ ਸਿੰਘ ਜੀ, ਖਾਲਸਾ ਕਾਲਜ ਅਮ੍ਰਿਤਸਰ ਦਾ ਹੈ।

ਮੇਰੇ ਪਾਸ ਉਹ ਸ਼ਬਦ ਨਹੀਂ ਹਨ ਜਿਨ੍ਹਾਂ ਨਾਲ ਮੈਂ ਵੱਖ ਵੱਖ ਰੂਪ ਵਿੱਚ ਜਪੁਜੀ ਸਾਹਿਬ ਦੇ ਸਬੰਧ ਵਿਚ ਲਿਖੀਆਂ ਗਈਆਂ ਇਨ੍ਹਾਂ ਉੱਚਤਮ ਰਚਨਾਵਾਂ ਨੂੰ "ਆਦਿ ਸੱਚ" ਪੁਸਤਕ ਦੇ ਰੂਪ ਵਿੱਚ ਵੱਖ ਵੱਖ ਥਾਵਾਂ ਤੋਂ ਚੁਨ ਕੇ ਮਾਲਾ ਰੂਪ ਵਿੱਚ ਪ੍ਰੋਏ ਜਾਣ ਦੇ ਮਾਨ ਦੇ ਸਿਲੇ ਵਿੱਚ ਰਚਨਹਾਰਿਆਂ ਦਾ ਧਨਵਾਦ ਕਰ ਸਕਾਂ। ਪਰ ਫਿਰ ਵੀ ਮੈਂ ਇਸ ਗੱਲ ਦਾ ਧੰਨਵਾਦ ਅਪਣੇ ਬਜ਼ੁਰਗ ਵਿਦਵਾਨਾਂ ਦਾ ਕੀਤਿਆਂ ਤੋਂ ਬਿਨਾਂ ਨਹੀਂ ਰਹਿ ਸਕਦਾ ਕਿ ਉਹਨਾਂ ਵਲੋਂ ਸਮੁੱਚੀ ਮਨੁੱਖਤਾ ਨੂੰ ਅਰਪਣ ਕੀਤੀ ਇਸ ਪਵਿਤਰ ਦੇਣ ਦੀ ਸੇਵਾ ਸੰਭਾਲ ਦਾ ਮਾਨ ਦਾਸ ਨੂੰ ਪ੍ਰਾਪਤ ਹੋਇਆ ਹੈ।

ਦਾਸ ਪੀ. ਆਈ. ਬੀ. ਜਲੰਧਰ ਅਤੇ ਉਹਨਾਂ ਸਾਰੇ ਦੈਨਿਕ ਤੇ ਮਾਸਕ ਪਤਰਾਂ ਦਾ ਵੀ ਅਤੀ ਧਨਵਾਦੀ ਹੈ ਜਿਹਨਾਂ ਚੋਂ ਇਹ ਰਚਨਾਵਾਂ ਪੜ੍ਹ ਕੇ 'ਆਦਿ ਸਚੁ' ਪੁਸਤਕ ਵਿਚ ਸੰਪਾਦਨ ਕਰਨ ਦਾ ਸਾਹਸ ਪ੍ਰਾਪਤ ਹੋਇਆ।

ਦਾਸ
ਬਲਬੀਰ ਸਿੰਘ ਸੰਧੂ

ਸੱਚ ਖੰਡ ਰੋਡ
ਗਲੀ ਮਾਹੀ ਗੁੱਜਰ
ਤਰਨ ਤਾਰਨ

ਮੰਗਲਾਚਰਣ

ਸਤਿਗੁਰ ਨਾਨਕ ਦੇਵ ਦੀ ਕਿਰਪਾ ਹੋਈ ਅਪਾਰ
ਕਲਜੁਗ ਤਾਰਨ ਵਾਸਤੇ ਧਾਰ ਲਿਆ ਅਵਤਾਰ
ਜੱਗ ਚਾਨਣ ਦਾ ਸਿਰਜਿਆ ਕੱਟਿਆ ਧੁੰਦ ਗੁਬਾਰ
ਸਤਿਨਾਮ ਦਾ ਮੰਤ੍ਰ ਜਪ ਕੇ ਤਾਰਿਆ ਸਭ ਸੰਸਾਰ

ਬਾਣੀ ਰਚਕੇ 'ਜਪੁਜੀ' ਕੀਤਾ ਵੱਡ ਉਪਕਾਰ
ਪੜ੍ਹੇ ਸੁਣੇ ਜੋ ਏਸਨੂੰ ਮਨ ਵਿੱਚ ਰੱਖ ਪਿਆਰ
ਸ਼ੰਕਾ ਇਸ ਵਿਚ ਰਤੀ ਨਾ ਪਾਵੇ ਮੋਖ ਦੁਆਰ
ਧਨ ਗੁਰ ਨਾਨਕ ਧਨ ਗੁਰ ਨਾਨਕ ਆਖੋ ਸਭ ਨਰ ਨਾਰ

ਦਾਸ ਉਤੇ ਜਦ ਇਨ੍ਹਾਂ ਦੀ ਹੋਈ ਮਿਹਰ ਅਪਾਰ
ਟੀਕਾ ਜਪੁਜੀ ਸਾਹਿਬ ਦਾ ਕੀਤਾ ਤਦੋਂ ਤਿਆਰ
ਭੁੱਲ ਜੋ ਹੋਵੇ ਏਸ ਵਿਚ ਸੋਧੋ ਕਿਰਪਾ ਧਾਰ
ਨਿਰਗੁਣ ਆਰਾ ਜਾਣਕੇ ਬਖਸ਼ ਲਵੋ ਇਕ ਵਾਰ

ੴ

ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ

10

ਕੇਵਲ ਇਕ ਅਕਾਲ ਹੈ ਜਿਸਦਾ ਸਭ ਪਰਕਾਸ਼
ਸਭਨੀ ਥਾਈਂ ਰਵ ਰਿਹਾ ਕਰਕੇ ਆਪਣਾ ਵਾਸ
ਨਾਮ ਸਚਾ ਹੈ ਓਸਦਾ ਸਭ ਦਾ ਸਿਰਜਨ ਹਾਰ
ਸਭ ਤੋਂ ਵਡਾ ਜਾਣੀਏ ਉਹ ਸਚਾ ਨਿਰੰਕਾਰ
ਭਉ ਨਾ ਮੰਨਦਾ ਕਿਸੇ ਦਾ ਵੱਡਾ ਪੁਰਖ ਅਕਾਲ
ਵੈਰ ਨਾ ਉਹਨੂੰ ਕਿਸੇ ਨਾਲ ਹੈ ਉਹ ਦੀਨ ਦਿਆਲ
ਮੂਰਤ ਉਸਦੀ ਨੂੰ ਕਦੀ ਕਾਲ ਨਹੀਂ ਸਕਦਾ ਮਾਰ
ਆਦਿ ਜੁਗਾਦ ਅਟੱਲ ਹੈ ਨਹੀਂ ਵਿਸਾਰਨ ਹਾਰ
ਮਾਤ ਗਰਭ ਵਿਚ ਕਦੀ ਵੀ ਪਾਵੇ ਨਾ ਅਸਥਾਨ
ਜਨਮ ਮਰਨ ਤੋਂ ਰਹਿਤ ਹੈ ਆਪ ਸੱਚਾ ਭਗਵਾਨ
ਕੀਤਾ ਹੋਏ ਨਾ ਕਿਸੇ ਦਾ ਆਪਣੇ ਆਪ ਪਰਕਾਸ਼
ਉਸਨੂੰ ਕੋਈ ਨਾ ਥਾਪਦਾ ਉਹ ਸਭਨਾ ਥਾਪੇ ਆਪ
ਜਿਸ ਉਤੇ ਸਤਿਗੁਰ ਦੀ ਕਿਰਪਾ ਹੋਏ ਅਪਾਰ
ਤਿਸ ਨੂੰ ਦਰਸ਼ਨ ਦੇਵੰਦਾ ਆਪ ਸਚਾ ਨਿਰੰਕਾਰ

॥ ਜਪੁ ॥

ਬਾਣੀ ਜਪੁਜੀ ਸਾਹਿਬ ਦੀ ਹੋਵੇ ਹੁਣ ਆਰੰਭ

ਪੜ੍ਹੇ ਸੁਣੇ ਜੋ ਏਸਨੂੰ ਪਾਵੇ ਮਨ ਆਨੰਦ

ਆਦਿ ਸਚੁ ਜੁਗਾਦਿ[1] ਸਚੁ ।

ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਓਦੋਂ ਅਜੇ ਨਾ ਹੋਇਆ ਸੀ ਜੁੱਗਾਂ ਦਾ ਵਿਸਥਾਰ
ਸਭਨੀ ਥਾਈਂ ਪਸਰਿਆ ਮਹਾਂ ਘੋਰ ਅੰਧਿਕਾਰ
ਧਰਤ ਅਕਾਸ਼ ਨਾ ਕੋਈ ਸੀ ਨਾ ਕੋਈ ਆਕਾਰ
ਨਾ ਕੋਈ ਸੂਰਜ ਚੰਦ ਸੀ ਨਾ ਦਿਨ ਨਾ ਰੈਨਾਰ
ਏਸ ਅੰਧੇਰ ਗੁਬਾਰ ਵਿਚ ਆਦਿ ਪੁਰਖ ਨਿਰੰਕਾਰ
ਬੈਠਾ ਤਾੜੀ ਲਾਇਕੇ ਆਪਣੀ ਸ਼ਕਤੀਧਾਰ
ਫੇਰ ਜਦੋਂ ਆ ਹੋਇਆ ਯੁਗਾਂ ਦਾ ਆਰੰਭ
ਓਦੋਂ ਵੀ ਉਹ ਆਪ ਸੀ ਨਿਰਾਹਾਰ ਨਿਰਲੰਭ
ਅਜ ਕਲ ਵੀ ਉਹ ਆਪ ਹੈ ਦੂਸਰ ਨਾਹੀ ਕੋਇ
ਅੱਗੇ ਨੂੰ ਵੀ ਨਾਨਕਾ ਹੋਇਗਾ ਸੱਚਾ ਸੋਇ

[1]ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ।
[2]ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵਤਾਰ[3]।
ਭੁਖਿਆ ਭੁਖ ਨ ਉਤਰੀ ਜੇ [4]ਬੰਨਾ ਪੁਰੀਆ ਭਾਰ।
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ।
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ[5]।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

ਕਰਤਾ ਪੁਰਖ ਅਕਾਲ ਜੋ ਵੱਡਾ ਸ਼ਕਤੀਮਾਨ
ਉਸ ਨੂੰ ਪਾਵਣ ਵਾਸਤੇ ਸੋਚਣ ਪਏ ਬੁਧਵਾਨ
ਸੋਚਣ ਨਾਲ ਉਹ ਕਦੇ ਵੀ ਸੋਚ ਵਿੱਚ ਨਾ ਆਏ
ਲੱਖ ਵਾਰ ਪਏ ਸੋਚੀਏ ਭੇਦ ਨਾ ਉਸਦਾ ਆਏ
ਚੁੱਪ ਰਹਿਣ ਤੋਂ ਕਿਸੇ ਨੂੰ ਸ਼ਾਂਤ ਨਾ ਮਿਲਦੀ ਆਇ
ਭਾਵੇਂ ਕੇਤੇ ਯੁੱਗਾਂ ਤੱਕ ਬੈਠ ਰਹੇ ਲਿਵ ਲਾਏ
ਭੁੱਖਿਆਂ ਭੁੱਖ ਨਾ ਜਾਂਵਦੀ ਜੋ ਕਰਦੇ ਭੁਖੀ ਕਾਰ
ਅਨਿਕ ਪਦਾਰਥ ਉਹਨਾਂ ਨੂੰ ਜੇ ਦਈਏ ਕਈ ਵਾਰ
ਅਕਲਾਂ ਤੇ ਚਤਰਾਈਆਂ ਹੋਵਣ ਲੱਖ ਹਜ਼ਾਰ
ਸਾਹਿਬ ਦੇ ਦਰਬਾਰ ਤੱਕ ਨਹੀਂ ਪੁਚਾਵਣ ਹਾਰ
ਤਾਂ ਫਿਰ ਕੀਕੂੰ ਹੋਏ ਇਹ ਕਰੀਏ ਸੱਚ ਦੀ ਕਾਰ
ਕੰਧ ਝੂਠ ਦੀ ਢਾਹ ਕੇ ਜਾਈਏ ਧੁਰ ਦਰਬਾਰ
ਜਿਸ ਦਿਹਾੜੇ ਬੰਦੇ ਨੇ ਜਨਮ ਲਿਆ ਸੀ ਧਾਰ
ਉਸ ਦਿਨ ਤੋਂ ਇਹ ਹੁਕਮ ਵੀ ਲਿਖ ਦਿੱਤਾ ਕਰਤਾਰ
ਆਪਣੀ ਮਰਜ਼ੀ ਕਦੀ ਨਾ ਕਰਨੀ ਵਿਚ ਸੰਸਾਰ
ਹੁਕਮ ਓਸਦਾ ਨਾਨਕਾ ਮੰਨਣਾ ਨਾਲ ਪਿਆਰ ॥ ੧ ॥

ਹੁਕਮੀ ਹੋਵਨਿ ਆਕਾਰ[1] ਹੁਕਮੁ ਨ ਕਹਿਆ ਜਾਈ ।
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ।
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ।
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ।
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ।
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ ੨ ॥

ਦਿਸਣ ਸਭ ਆਕਾਰ ਜੋ ਹੋਏ ਹੁਕਮ ਦੇ ਨਾਲ
ਕਥਿਆ ਜਾਏ ਨਾ ਹੁਕਮ ਓਸਦਾ ਮਾਸਾ ਰਤੀ ਰਵਾਲ
ਹੁਕਮ 'ਚ ਕਰਤੇ ਜੀਅ ਬਣਾ ਕੇ ਸਗਲੀ ਸਰਿਸ਼ਟ ਰਚਾਈ
ਹੁਕਮ ਨਾਲ ਮਨੁੱਖ ਦੇਹ ਨੂੰ ਉੱਚ ਮਿਲੀ ਵਡਿਆਈ
ਹੁਕਮ ਨਾਲ ਕਈ ਉੱਚੇ ਹੋਏ ਹੁਕਮ ਨਾਲ ਕਈ ਮਾੜੇ
ਹੁਕਮ ਨਾਲ ਸਭ ਦੁਖ ਸੁਖ ਪਾਉਂਦੇ ਜਿਹੜਾ ਲਿਖਿਆ ਨਾਲੇ
ਹੁਕਮ ਦੇ ਅੰਦਰ ਇਕਨਾ ਤਾਈਂ ਬਖਸ਼ਸ਼ ਹੋਈ ਅਪਾਰ
ਖੁਸ਼ੀ ਪ੍ਰਾਪਤ ਕਰਕੇ ਉਸਦੀ ਪਾਉਂਦੇ ਮੋਖ ਦੁਆਰ
ਹੁਕਮ ਵਿਚ ਕਈ ਦੁਖੀਏ ਥੀਏ ਜਮਾ ਦੀ ਖਾਂਦੇ ਮਾਰ
ਲੱਖ ਚੁਰਾਸੀ ਜੋਨੀ ਭਉਂ ਕੇ ਬਹੁਤੇ ਹੋਏ ਖ਼ੁਆਰ
ਸਭ ਕੁਝ ਹੁਕਮ ਤੇਰੇ ਵਿਚ ਹੋਵੇ ਹੁਕਮੋਂ ਬਾਹਰ ਨਾ ਕੋਈ
ਹੁਕਮ ਜੇ ਸਮਝੇ ਨਾਨਕਾ ਹੰਕਾਰ ਕਰੇ ਨਾ ਕੋਇ ॥ ੨ ।

ਗਾਵੈ ਕੋ ਤਾਣੁ[1] ਹੋਵੈ ਕਿਸੇ ਤਾਣੁ । ਗਾਵੈ ਕੋ ਦਾਤਿ ਜਾਣੈ ਨੀਸਾਣੁ ।
ਗਾਵੈ ਕੋ ਗੁਣ ਵਡਿਆਇਆ ਚਾਰ[2] । ਗਾਵੈ ਕੋ ਵਿਦਿਆ ਵਿਖਮੁ[3] ਵੀਚਾਰੁ ।
ਗਾਵੈ ਕੋ ਸਾਜਿ[4] ਕਰੇ ਤਨੁ ਖੇਹ[5] । ਗਾਵੈ ਕੋ ਜੀਅ ਲੈ ਫਿਰਿ ਦੇਹ ।
ਗਾਵੈ ਕੋ ਜਾਪੈ ਦਿਸੈ ਦੂਰਿ[6] । ਗਾਵੈ ਕੋ ਵੇਖੈ [7]ਹਾਦਰਾ ਹਦੂਰਿ ।
ਕਥਨਾ ਕਥੀ ਨ ਆਵੇ ਤੋਟਿ । ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ।
ਦੇਦਾ ਦੇ ਲੈਦੇ ਥਕਿ ਪਾਹਿ । [8]ਜੁਗਾ ਜੁਗੰਤਰਿ ਖਾਹੀ ਖਾਹਿ ।
ਹੁਕਮੀ ਹੁਕਮੁ ਚਲਾਏ ਰਾਹੁ । ਨਾਨਕ ਵਿਗਸੈ[9] ਵੇਪਰਵਾਹੁ[10] ॥੩॥

ਕੋਈ ਗਾਉਂਦਾ ਓਸ ਨੂੰ ਜਾਣ ਵੱਡਾ ਬਲਵਾਨ
ਜਿਸ ਵਿਚ ਸ਼ਕਤੀ ਆਪਣੀ ਪਾਈ ਹੈ ਭਗਵਾਨ
ਪਾ ਕੇ ਕੋਈ ਦਾਤ ਨੂੰ ਜੋ ਬਖਸ਼ੀ ਕਰਤਾਰ
ਜਾਣ ਨਿਸ਼ਾਨੀ ਓਸਦੀ ਉਸ ਨੂੰ ਗਾਵਣ ਹਾਰ
ਉਸ ਦੇ ਚੰਗੇ ਗੁਣਾਂ ਨੂੰ ਕੋਈ ਰਿਹਾ ਹੈ ਗਾਇ
ਵਡਿਆਈ ਵੱਡੀ ਵੇਖ ਕੇ ਕੋਈ ਰਿਹਾ ਸਲਾਹਿ
ਕਠਨ ਵਿਦਿਆ ਘੋਖ ਕੇ ਡੂੰਘੀ ਨਾਲ ਵਿਚਾਰ
ਕੋਈ ਤੈਨੂੰ ਜਪ ਰਿਹਾ ਹੇ ਮੇਰੇ ਕਰਤਾਰ
ਕੋਈ ਗਾਉਂਦਾ ਓਸ ਨੂੰ ਜੋ ਵੱਡਾ ਬੇਪਰਵਾਹ
ਘਾੜਤ ਘੜ ਕੇ ਦੇਹ ਦੀ ਕਰ ਦੇਂਦਾ ਫੇਰ ਸਵਾਹ
ਜੋ ਕੋਈ ਆਇਆ ਜੱਗ ਤੇ ਸੋਈ ਵਿਨਸਨਹਾਰ
ਏਸ ਦੇਹ ਨੂੰ ਛੱਡ ਕੇ ਲੈਂਦਾ ਦੂਜੀ ਧਾਰ
ਮੁੜ ਮੁੜ ਏਸੇ ਗੇੜ ਵਿਚ ਆਵੇ ਵਾਰੋ ਵਾਰ
ਅਧ ਭੁਤ ਲੀਲਾ ਵੇਖ ਕੇ ਕੋਈ ਗਾਵਣ ਹਾਰ
ਕੋਈ ਉਸ ਨੂੰ ਗਾ ਰਿਹਾ ਸਮਝ ਕੇ ਬਹੁਤਾ ਦੂਰ
ਕੋਈ ਉਸ ਨੂੰ ਗਾ ਰਿਹਾ ਬਿਲਕੁਲ ਵੇਖ ਹਜੂਰ
ਕਹੀਆਂ ਗਈਆਂ ਕਹਾਣੀਆਂ ਆਵੇ ਨਾਹੀ ਥੋੜ
ਆਖ ਆਖ ਕੇ ਆਖੀਆਂ ਕੋਤੀਆਂ ਲੱਖ ਕਰੋੜ
ਦੇਵਣ ਵਾਲਾ ਦੇ ਰਿਹਾ ਲੈਣ ਵਾਲੇ ਮੁੱਕ ਜਾਣ
ਜੁਗੋ ਜੁਗੀ ਸਦਾ ਹੀ ਖਾਈ ਖਾਈ ਜਾਣ
ਹੁਕਮ ਆਪਣੇ ਵਿਚ ਸਭ ਰਹਿਆ ਕੰਮ ਚਲਾਇ
ਵੇਖ ਵੇਖ ਕੇ ਨਾਨਕਾ ਖੁਸ਼ ਹੋਵੇ ਬੇ-ਪਰਵਾਹਿ ॥ ੩ ॥

ਸਾਚਾ ਸਾਹਿਬੁ ਸਾਚੁ ਨਾਇ[1] ਭਾਖਿਆ[2] ਭਾਉ[3] ਅਪਾਰੁ ।
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ।
ਫੇਰਿ ਕਿ[4] ਅਗੈ ਰਖੀਐ ਜਿਤੁ ਦਿਸੈ ਦਰਬਾਰੁ ।
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ।
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ।
ਕਰਮੀ ਆਵੈ ਕਪੜਾ[5] ਨਦਰੀ[6] ਮੋਖੁ ਦੁਆਰੁ ।
ਨਾਨਕ ਏਵੈ ਜਾਣੀਐ ਸਭ ਆਪੇ ਸਚਿਆਰ ॥ ੪ ॥

ਨਾਓਂ ਸੱਚਾ ਹੈ ਓਸਦਾ ਸੱਚਾ ਸਾਹਿਬ ਆਪ
ਅਨਕ ਭਾਵ ਕਰ ਜੀਅ ਜੰਤ ਕਰਦੇ ਉਸਦਾ ਜਾਪ
ਆਖ ਆਖ ਕੇ ਮੰਗਦੇ ਸਾਹਿਬ ਕੋਲੋਂ ਦਾਤ
ਵੱਡਾ ਦਾਤਾ ਹੋਇ ਕੇ ਸਭ ਨੂੰ ਦੇਂਦਾ ਦਾਤ
ਕੀ ਧਰੀਏ ਅੱਗੇ ਓਸ ਦੇ ਵੇਖ ਲਈਏ ਦਰਬਾਰ
ਬਚਨ ਕੀ ਮੂੰਹੋਂ ਬੋਲੀਏ ਸੁਣਕੇ ਕਰੇ ਪਿਆਰ
ਅਮ੍ਰਿਤ ਵੇਲੇ ਉਠ ਕੇ ਪ੍ਰਮੇਸ਼ਰ ਵੱਲ ਆਓ
ਕਰੋ ਵਡਾਈ ਓਸ ਦੀ ਸੱਚਾ ਨਾਮ ਧਿਆਓ
ਮਾਣਸ ਦੇਹ ਮਨੁਖ ਨੂੰ ਮਿਲੀ ਹੈ ਕਰਮਾ ਨਾਲ
ਮੁਕਤ ਦਵਾਰਾ ਤਾਂ ਮਿਲੇ ਹੋਵੇ ਰੱਬ ਦਿਆਲ
ਏਸ ਤਰ੍ਹਾਂ ਨਾਲ ਨਾਨਕਾ ਜਾਣ ਲਓ ਸਭ ਕੋਇ
ਸਭ ਥਾਂ ਉਹੋ ਵਸਦਾ ਆਪੇ ਸੱਚਾ ਸੋਇ ॥ ੪ ॥

ਥਾਪਿਆ ਨ ਜਾਇ ਕੀਤਾ ਨ ਹੋਇ।
ਆਪੇ ਆਪਿ ਨਿਰੰਜਨੁ ਸੋਇ।
ਜਿਨਿ ਸੇਵਿਆ ਤਿਨਿ ਪਾਇਆ ਮਾਨੁ।
ਨਾਨਕ ਗਾਵੀਐ [1]ਗੁਣੀ ਨਿਧਾਨੁ।
ਗਾਵੀਐ ਸੁਣੀਐ ਮਨਿ ਰਖੀਐ ਭਾਉ।
ਦੁਖੁ ਪਰ ਹਰਿ[2] ਸੁਖੁ ਘਰਿ ਲੈ ਜਾਇ।
ਗੁਰਮੁਖਿ ਨਾਦੰ[3] ਗੁਰਮੁਖਿ ਵੇਦੰ[4] ਗੁਰਮੁਖਿ ਰਹਿਆ ਸਮਾਈ।
ਗੁਰ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ।
ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ।
ਗੁਰਾ ਇਕ ਦੇਹਿ ਬੁਝਾਈ[5]।
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ੫॥

ਉਸਨੂੰ ਕਿਸੇ ਨਾ ਥਾਪਿਆ ਉਹ ਸਭ ਨੂੰ ਥਾਪਣ ਹਾਰ
ਸਿਰਜਿਆ ਕਿਸੇ ਨਾ ਓਸ ਨੂੰ ਉਹ ਸਭ ਦਾ ਸਿਰਜਨਹਾਰ
ਉਹ ਆਪੇ ਹੀ ਆਪ ਹੈ ਅਵਰ ਨਾ ਦੂਜਾ ਜਾਣ
ਮਾਇਆ ਤੋਂ ਉਹ ਪਰੇ ਹੈ ਸੱਚਾ ਪੁਰਖ ਸੁਜਾਨ
ਜਿਸ ਨੇ ਉਸ ਨੂੰ ਸੇਵਿਆ ਉਸ ਨੇ ਪਾਇਆ ਮਾਨ
ਗੁਣੀ ਗਹੀਰਾ ਨਾਨਕਾ ਜਪੀਏ ਉਸਦਾ ਨਾਮ
ਗਾਈਏ ਸੁਣੀਏ ਓਸ ਨੂੰ ਮਨ ਵਿਚ ਰੱਖੀਏ ਪਿਆਰ
ਸਭ ਦੁੱਖਾਂ ਦਾ ਨਾਸ ਕਰ ਦੇਵੇ ਸੁਖ ਅਪਾਰ
ਗੁਰੂ ਦੀ ਬਾਣੀ ਸ਼ਬਦ ਹੈ ਗੁਰਬਾਣੀ ਹੀ ਹੈ ਵੇਦ
ਸਭ ਥਾਈਂ ਗੁਰੂ ਸਮਾ ਰਿਹਾ ਰੰਚਕ ਨਾਹੀ ਭੇਦ
ਗੁਰੂ ਹੀ ਸ਼ਿਵਜੀ ਗੁਰੂ ਹੀ ਵਿਸ਼ਨੂੰ ਗੁਰੂ ਹੀ ਬ੍ਰਹਮਾ ਜਾਣ
ਪਾਰਬਤੀ ਅਤੇ ਲਕਸ਼ਮੀ ਸਭ ਸਤਿਗੁਰ ਨੂੰ ਹੀ ਮਾਣ
ਜੋ ਕੁਝ ਜਾਣਿਆ ਗੁਰੂ ਤੋਂ ਕਰ ਨਾ ਸਕਾਂ ਬਿਆਨ
ਆਖਣ ਨਾਲ ਨਾ ਆਖਿਆ ਜਾਵੇ ਹੋਵੇ ਬੰਦ ਜ਼ਬਾਨ
ਸਤਿਗੁਰ ਮੈਨੂੰ ਇਕ ਗੱਲ ਦਿਤੀ ਹੈ ਸਮਝਾਇ
ਸਭਨਾ ਜੀਆ ਕਾ ਇਕ ਦਾਤਾ ਸੋ ਮੈਂ ਭੁਲ ਨਾ ਜਾਇ ॥ ੫ ॥

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ [1]ਕਿ ਨਾਇ ਕਰੀ ।
ਜੇਤੀ ਸਿਰਠਿ[2] ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ।
ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ।
ਗੁਰਾ ਇਕ ਦੇਹਿ ਬੁਝਾਈ ।
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ੬ ॥

ਤੀਰਥਾਂ ਉਤੇ ਜਾਇਕੇ ਤਾਂ ਕਰਾਂ ਇਸ਼ਨਾਨ
ਤੈਨੂੰ ਚੰਗਾ ਜੇ ਲਗਾਂ ਪਾਵਾਂ ਆਦਰ ਮਾਣ
ਤੈਨੂੰ ਖੁਸ਼ ਨਾ ਕਰ ਸਕਾਂ ਕਿਉਂ ਕਰਾਂ ਇਸ਼ਨਾਨ
ਫਿਰ ਫਿਰ ਜਿਨੇ ਤੀਰਥ ਨਾਵ੍ਹਾਂ ਸਭੇ ਐਵੇਂ ਜਾਣ
ਜਿਨੀ ਦੁਨੀਆਂ ਸਾਜੀ ਵੇਖਾਂ ਕਰਮਾਂ ਦਾ ਫਲ ਖਾਏ
ਬਿਨ ਕਰਮਾ ਦੇ ਕਿਸੇ ਨੂੰ ਕੁਝ ਵੀ ਹਥ ਨਾ ਆਏ
ਹੀਰਿਆਂ ਮੋਤੀਆਂ ਵਰਗੇ ਬਹੁ ਗੁਣ ਮਤ 'ਚ ਕਰਨ ਨਿਵਾਸ
ਸਤਿਗੁਰ ਜੀ ਦੀ ਸਿਖਿਆ ਸੁਣ ਕੇ ਪਾ ਲਈਏ ਗੁਣ ਤਾਸ
ਸਤਿਗੁਰ ਮੈਨੂੰ ਇਕ ਗੱਲ ਦਿਤੀ ਹੈ ਸਮਝਾਇ
ਸਭਨਾਂ ਜੀਆਂ ਕਾ ਇਕ ਦਾਤਾ ਮੈਨੂੰ ਭੁਲ ਨਾ ਜਾਇ ॥ ੬ ॥

ਜੇ ਜੁਗ ਚਾਰੇ ਆਰਜਾ[1] ਹੋਰ ਦਸੂਣੀ[2] ਹੋਇ ।
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ।
ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ।
ਜੇ ਤਿਸੁ ਨਦਰਿ ਨ ਆਵਈ ਤ ਵਾਤ[3] ਨ ਪੁਛੈ ਕੇ ।
ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ।
ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ।
ਤੇਹਾ[4] ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥ ੭ ॥

ਜੇ ਕਰ ਆਯੂ ਕਿਸੇ ਦੀ ਚਾਰ ਜੁੱਗ ਹੋ ਜਾਇ
ਇਸ ਤੋਂ ੱਗੇ ਦਸ ਗੁਣੀ ਚਾਲੀ ਜੁੱਗ ਬਿਤਾਏ
ਨੌਂ ਖੰਡ ਧਰਤੀ ਉਪਰੇ ਹੋਵੇ ਉਸ ਦਾ ਮਾਣ
ਜਿਧਰ ਨੂੰ ਉਹ ਮੂੰਹ ਕਰੇ ਸਭੇ ਪਿਛੇ ਜਾਣ
ਚੰਗਾ ਚੰਗਾ ਆਖ ਕੇ ਨਾਉਂ ਓਸਦਾ ਲੈਨ
ਜਸ ਹੋਵੇ ਇਸ ਜੱਗ ਵਿਚ ਵਾਹ ਵਾਹ ਸਭੇ ਕਹਿਣ
ਵਾਹਿਗੁਰੂ ਦੀ ਨਜ਼ਰ ਵਿਚ ਜੇ ਨ ਆਇਆ ਜਾਣ
ਕੋਈ ਵਾਤ ਨ ਪੁਛਦਾ ਨ ਕੋ ਕਰੇ ਪਛਾਣ
ਕੀੜਿਆਂ ਦੇ ਵਿਚ ਸਭ ਤੋਂ ਛੋਟਾ ਕੀੜਾ ਗਿਣਿਆ ਜਾਇ
ਦੋਸ਼ੀ ਉਸ ਨੂੰ ਕਹਿ ਕੇ ਦੋਸ਼ ਓਸ 'ਤੇ ਲਾਇ
ਗੁਣ ਹੀਣੇ ਜੋ ਨਾਨਕਾ ਤਿੰਨਾ ਕਰੇ ਗੁਣਵਾਨ
ਗੁਣ ਵਾਲਿਆਂ ਨੂੰ ਹੋਰ ਗੁਣ ਦੇਵੇ ਉਹ ਭਗਵਾਨ
ਇਸ ਦੁਨੀਆਂ ਵਿਚ ਐਸਾ ਬੰਦਾ ਕੋਈ ਨਜ਼ਰ ਨਾ ਆਵੇ
ਜਿਹੜਾ ਓਸ ਅਕਾਲ ਪੁਰਖ ਲਈ ਕਰਕੇ ਕੁਝ ਵਖਾਵੇ ॥ ੭ ॥

ਸੁਣਿਐ[1] ਸਿਧ ਪੀਰ ਸੁਰਿ ਨਾਥ ।
ਸੁਣਿਐ ਧਰਤਿ ਧਵਲ[2] ਆਕਾਸ ।
ਸੁਣਿਐ ਦੀਪ ਲੋਅ[3] ਪਾਤਾਲ ।
ਸੁਣਿਐ ਪੋਹਿ ਨ ਸਕੈ ਕਾਲੁ ।
ਨਾਨਕ ਭਗਤਾ ਸਦਾ ਵਿਗਾਸੁ ।
ਸੁਣਿਐ ਦੂਖ ਪਾਪ ਕਾ ਨਾਸੁ ॥ ੮ ॥

ਸੁਣੇ ਜੋ ਉਸਦੇ ਨਾਮ ਨੂੰ ਉੱਤਮ ਪਦਵੀ ਪਾਏ
ਸਿਧਾਂ ਪੀਰਾਂ ਤੇ ਨਾਥਾਂ ਦਾ ਸਗਲਾ ਭੇਦ ਲਖਾਏ
ਸੁਣੇ ਜੋ ਉਸ ਦੇ ਨਾਮ ਨੂੰ ਧਵਲ ਦਾ ਪਾਵੇ ਗਿਆਨ
ਧਰਤੀ ਅਤੇ ਅਕਾਸ਼ ਦਾ ਲਾ ਸਕੇ ਅਨੁਮਾਨ
ਸੁਣੇ ਜੋ ਉਸ ਦੇ ਨਾਮ ਨੂੰ ਜਾਣੇ ਹਾਲ ਪਤਾਲ
ਖੰਡਾਂ ਤੇ ਬ੍ਰਹਿਮੰਡਾਂ ਦਾ ਵੀ ਜਾਣ ਲਵੇ ਸਭ ਹਾਲ
ਸੁਣੇ ਜੋ ਉਸਦੇ ਨਾਮ ਨੂੰ ਮੌਤ 'ਤੇ ਹੋਏ ਸਵਾਰ
ਫੇਰ ਓਸਨੂੰ ਕਦੇ ਵੀ ਕਾਲ ਨਹੀਂ ਸਕਦਾ ਮਾਰ
ਭਗਤਾਂ ਦੇ ਮਨ ਨਾਨਕਾ ਸਦਾ ਅਨੰਦ ਹੁਲਾਸ
ਨਾਮ ਨੂੰ ਸੁਣ ਕੇ ਹੋਂਵਦਾ ਦੁਖ ਕਲੇਸ਼ ਦਾ ਨਾਸ ॥ ੮ ॥

ਸੁਣਿਐ ਈਸਰ ਬਰਮਾ ਇੰਦੁ ।
ਸੁਣਿਐ ਮੁਖਿ ਸਾਲਾਹਣ ਮੰਦੁ[2] ।
ਸੁਣਿਐ ਜੋਗ ਜੁਗਤਿ ਤਨਿ ਭੇਦ[1] ।
ਸੁਣੀਐ ਸਾਸਤ ਸਿਮ੍ਰਿਤਿ ਵੇਦ ।
ਨਾਨਕ ਭਗਤਾ ਸਦਾ ਵਿਗਾਸੁ ।
ਸੁਣਿਐ ਦੂਖ ਪਾਪ ਕਾ ਨਾਸੁ ॥ ੯ ॥

ਸ਼ਿਵਜੀ ਬ੍ਰਹਮਾ ਇੰਦਰ ਇਹ ਤਿੰਨ ਸ਼ਕਤੀਆਂ ਮਾਨ
ਸੁਣ ਕੇ ਉਸਦੇ ਨਾਮ ਨੂੰ ਹੋਏ ਇਹਨਾਂ ਦਾ ਗਿਆਨ
ਮੰਦੇ ਕਰਮ ਕਮਾਵੇ ਕੋਈ ਮੰਦਾ ਆਖਣ ਲੋਗ
ਸੁਣ ਕੇ ਉਸ ਦੇ ਨਾਮ ਨੂੰ ਬਣੇ ਸਲਾਹੁਣ ਜੋਗ
ਸੁਣੇ ਜੋ ਉਸ ਦੇ ਨਾਮ ਨੂੰ ਜੋਗ ਦੀ ਜੁਗਤੀ ਪਾਏ
ਅਕਾਲ ਪੁਰਖ ਨਾਲ ਜੁੜਨ ਲਈ ਤਨ ਦਾ ਭੇਦ ਲਖਾਏ
ਸ਼ਾਸਤਰ ਸਿਮਰਤ ਵੇਦ ਇਹ ਵਡੇ ਗਰੰਥ ਮਹਾਨ
ਸੁਣੇ ਜੋ ਉਸ ਦੇ ਨਾਮ ਨੂੰ ਪਾਏ ਇਹਨਾਂ ਦਾ ਗਿਆਨ
ਭਗਤਾਂ ਦੇ ਮਨ ਨਾਨਕਾ ਸਦਾ ਅਨੰਦ ਹੁਲਾਸ
ਨਾਮ ਨੂੰ ਸੁਣਿਆਂ ਹੋਂਵਦਾ ਦੁਖ ਕਲੇਸ਼ ਦਾ ਨਾਸ ॥ ੯ ॥

ਸੁਣਿਐ ਸਤੁ[1] ਸੰਤੋਖੁ ਗਿਆਨੁ ।
ਸੁਣਿਐ ਅਠਸਠਿ[2] ਕਾ ਇਸਨਾਨੁ ।
ਸੁਣਿਐ ਪੜਿ ਪੜਿ ਪਾਵਹਿ ਮਾਨੁ ।
ਸਣਿਐ ਲਾਗੈ ਸਹਜਿ ਧਿਆਨੁ ।
ਨਾਨਕ ਭਗਤਾ ਸਦਾ ਵਿਗਾਸੁ ।
ਸੁਣਿਐ ਦੂਖ ਪਾਪ ਕਾ ਨਾਸੁ ॥੧੦॥

ਸੁਣੇ ਜੋ ਉਸ ਦੇ ਨਾਮ ਨੂੰ ਪਾਵੇ ਪੂਰਨ ਗਿਆਨ
ਸਿਦਕ ਸਬਰ ਵੀ ਓਸਨੂੰ ਪ੍ਰਾਪਤ ਹੁੰਦਾ ਆਣ
ਸੁਣੇ ਜੋ ਉਸਦੇ ਨਾਮ ਨੂੰ ਲਾਏ ਚਿਤ ਧਿਆਨ
ਹੋ ਜਾਂਦਾ ਹੈ ਓਸਨੂੰ ਅਠਾਹਠਾਂ ਦਾ ਇਸ਼ਨਾਨ
ਸੁਣੇ ਜੋ ਉਸਦੇ ਨਾਮ ਨੂੰ ਪੜ੍ਹਕੇ ਕਰੇ ਵਿਚਾਰ
ਪਾਉਂਦਾ ਆਦਰ ਮਾਣ ਉਹ ਤਿਸ ਸੱਚੇ ਦਰਬਾਰ
ਸੁਣੇ ਜੋ ਉਸਦੇ ਨਾਮ ਨੂੰ ਸਹਿਜ ਅਵਸਥਾ ਪਾਏ
ਧਰੇ ਧਿਆਨ ਅਕਾਲ ਦਾ ਬ੍ਰਹਮ ਗਿਆਨੀ ਹੋ ਜਾਏ
ਭਗਤਾਂ ਦੇ ਮਨ ਨਾਨਕਾ ਸਦਾ ਅਨੰਦ ਹੁਲਾਸ
ਨਾਮ ਨੂੰ ਸੁਣਿਆਂ ਹੋਂਵਦਾ ਦੁੱਖ ਪਾਪ ਦਾ ਨਾਸ ॥ ੧੦ ॥

ਸੁਣਿਐ [1]ਸਰਾ ਗੁਣਾ ਕੇ ਗਾਹ ।
ਸੁਣਿਐ ਸੇਖ ਪੀਰ ਪਾਤਿਸਾਹ ।
ਸੁਣਿਐ ਅੰਧੇ ਪਾਵਹਿ ਰਾਹੁ ।
ਸੁਣਿਐ ਹਾਥ ਹੋਵੈ ਅਸਗਾਹੁ[2] ।
ਨਾਨਕ ਭਗਤਾ ਸਦਾ ਵਿਗਾਸੁ ।
ਸੁਣਿਐ ਦੂਖ ਪਾਪ ਕਾ ਨਾਸੁ ॥੧੧॥

ਸੁਣੇ ਜੋ ਉਸਦੇ ਨਾਮ ਨੂੰ ਪਾਵੇ ਸਰਬ ਗਿਆਨ
ਸ਼ੇਖਾਂ ਪੀਰਾਂ ਪਾਤਸ਼ਾਹਾਂ ਦੀ ਅਸਲੀਅਤ ਲਏ ਪਛਾਣ
ਸੁਣਕੇ ਉਸਦੇ ਨਾਮ ਨੂੰ ਮੂਰਖ ਬਣੇ ਸੁਜਾਨ
ਗਾਹ ਲਵੇ ਅਸਗਾਹ ਨੂੰ ਸੁਣ ਕੇ ਉਸ ਦਾ ਨਾਮ
ਭਗਤਾਂ ਦੇ ਮਨ ਨਾਨਕਾ ਸਦਾ ਅਨੰਦ ਹੁਲਾਸ
ਨਾਮ ਨੂੰ ਸੁਣਿਆਂ ਹੋਂਵਦਾ ਦੁਖ ਕਲੇਸ਼ ਦਾ ਨਾਸ ॥ ੧੧ ॥

ਮੰਨੇ[1] ਕੀ ਗਤਿ ਕਹੀ ਨ ਜਾਇ ।
ਜੇ ਕੋ ਕਹੈ ਪਿਛੈ ਪਛੁਤਾਇ ।
ਕਾਗਦਿ ਕਲਮ ਨ ਲਿਖਣਹਾਰੁ ।
ਮੰਨੇ ਕਾ ਬਹਿ[2] ਕਰਨਿ ਵੀਚਾਰੁ ।
ਐਸਾ ਨਾਮੁ ਨਿਰੰਜਨੁ ਹੋਇ ।
ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੨ ॥

ਨਾਮ ਨੂੰ ਜਿਹੜਾ ਮਨਦਾ ਪੂਰਾ ਉਹ ਇਨਸਾਨ
ਉਸਦੀ ਹਾਲਤ ਨੂੰ ਕਿਵੇਂ ਕੋਈ ਕਰੇ ਬਿਆਨ
ਜੇ ਕੋਈ ਆਖਣ ਵਾਸਤੇ ਲਏ ਇਰਾਦਾ ਧਾਰ
ਫਿਰ ਪਿਛੋਂ ਪਛਤਾਇ ਉਹ ਹੋਵੇ ਬਹੁਤ ਖੁਆਰ
ਨਾ ਕੋਈ ਕਾਗਦ ਕਲਮ ਹੈ ਨਾ ਕੋਈ ਲਿਖਣਹਾਰ
ਨਾਮ ਨੂੰ ਮੰਨਣ ਵਾਲੇ ਦੀ ਕਿਹੜਾ ਕਰੇ ਵਿਚਾਰ
ਨਾਮ ਓਸ ਅਕਾਲ ਦਾ ਇਹੋ ਜਿਹਾ ਹੋਇ
ਮਨ ਵਿਚ ਨਿਸਚਾ ਰੱਖ ਕੇ ਮਨ ਲਵੇ ਜੇ ਕੋਇ ॥ ੧੨ ॥

ਮੰਨੈ ਸੁਰਤਿ[1] ਹੋਵੈ ਮਨਿ ਬੁਧਿ ।
ਮੰਨੈ ਸਗਲ ਭਵਣ[2] ਕੀ ਸੁਧਿ ।
ਮੰਨੈ ਮੁਹਿ ਚੋਟਾ ਨਾ ਖਾਇ ।
ਮੰਨੈ ਜਮ ਕੈ ਸਾਥਿ ਨ ਜਾਇ ।
ਐਸਾ ਨਾਮ ਨਿਰੰਜਨੁ ਹੋਇ ।
ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੩ ॥

ਨਾਮ ਨੂੰ ਮੰਨੇ ਪੁਰਸ਼ ਜੋ ਮਨ ਹੋਵੇਂ ਉਸ ਸੁੱਧ
ਨਾਮ ਨੂੰ ਜਿਹੜਾ ਮਨਦਾ ਉੱਜਲ ਪਾਵੇ ਬੁੱਧ
ਨਾਮ ਨੂੰ ਜਿਹੜਾ ਮਨਦਾ ਸਭੋ ਸੋਝੀ ਪਾਇ
ਨਾਮ ਨੂੰ ਜਿਹੜਾ ਮਨਦਾ ਮੂੰਹ ਤੇ ਮਾਰ ਨਾ ਖਾਇ
ਨਾਮ ਨੂੰ ਜਿਹੜਾ ਮਨਦਾ ਜਮ ਦੇ ਸਾਥ ਨਾ ਜਾਇ
ਨਾਮ ਓਸ ਅਕਾਲ ਦਾ ਇਹੋ ਜਿਹਾ ਹੋਇ
ਮਨ ਵਿਚ ਨਿਸਚਾ ਰਖ ਕੇ ਧਾਰ ਲਵੇ ਜੇ ਕੋਇ ॥ ੧੩ ॥

ਮੰਨੈ ਮਾਰਗਿ ਠਾਕ[1] ਨ ਪਾਇ।
ਮੰਨੈ ਪਤਿ ਸਿਉ [2]ਪਰਗਟੁ ਜਾਇ।
ਮੰਨੈ ਮਗੁ ਨ ਚਲੈ ਪੰਥੁ।
ਮੰਨੈ ਧਰਮ ਸੇਤੀ[3] ਸਨਬੰਧੁ।
ਐਸਾ ਨਾਮ ਨਿਰੰਜਨੁ ਹੋਇ।
ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੪॥

ਨਾਮ ਨੂੰ ਜਿਹੜਾ ਮਨਦਾ ਸਚੇ ਖੰਡ ਨੂੰ ਜਾਇ
ਰਸਤੇ ਦੇ ਵਿਚ ਓਸ ਨੂੰ ਕੋਈ ਰੋਕ ਨਾ ਪਾਇ
ਨਾਮ ਨੂੰ ਮਨਕੇ ਦੁਨੀਆਂ ਅੰਦਰ ਇਜ਼ਤ ਪਾਵੇ ਢੇਰ
ਜਾਣ ਸਮੇਂ ਗੁਰ ਧਾਮ ਨੂੰ ਪਰਗਟ ਹੋਏ ਚੌਫੇਰ
ਨਾਮ ਨੂੰ ਮਨਕੇ ਸਾਰੇ ਰਸਤੇ ਖੁਸ਼ੀ ਖੁਸ਼ੀ ਉਹ ਜ਼ਾਇ
ਨਾਮ ਨੂੰ ਮਨਕੇ ਧਰਮ ਨਾਲ ਗੂੜ੍ਹਾ ਸਬੰਧ ਹੋ ਜਾਇ
ਨਾਮ ਓਸ ਅਕਾਲ ਦਾ ਇਹੋ ਜਿਹਾ ਹੋਇ
ਮਨ ਵਿਚ ਨਿਸਚਾ ਰਖਕੇ ਮੰਨ ਲਵੇ ਜੇ ਕੋਇ ॥ ੧੪ ॥

ਮੰਨੈ ਪਾਵਹਿ ਮੋਖੁ[1] ਦੁਆਰੁ ।
ਮੰਨੈ ਪਰਵਾਰੈ ਸਾਧਾਰੁ[2] ।
ਮੰਨੈ ਤਰੈ ਤਾਰੇ ਗੁਰੁ ਸਿਖ ।
ਮੰਨੈ ਨਾਨਕ ਭਵਹਿ ਨ ਭਿਖ[3] ।
ਐਸਾ ਨਾਮੁ ਨਿਰੰਜਨੁ ਹੋਇ ।
ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੫ ॥

ਨਾਮ ਨੂੰ ਜਿਹੜਾ ਮਨਦਾ ਮੁਕਤ ਦੁਆਰਾ ਪਾਇ
ਨਾਮ ਨੂੰ ਜਿਹੜਾ ਮਨਦਾ ਸਭ ਪਰਵਾਰ ਛਡਾਇ
ਨਾਮ ਨੂੰ ਗੁਰ ਸਿਖ ਮਨਕੇ ਸਗਲੀ ਸ੍ਰਿਸ਼ਟ ਤਰਾਏ
ਨਾਮ ਨੂੰ ਮਨਕੇ ਨਾਨਕਾ ਆਵਾ ਗਵਣ ਮਿਟਾਇ
ਨਾਮ ਓਸ ਅਕਾਲ ਦਾ ਇਹੋ ਜਿਹਾ ਹੋਇ
ਮਨ ਵਿਚ ਨਿਸਚਾ ਧਾਰ ਕੇ ਮਨ ਲਵੇ ਜੋ ਕੋਇ ॥ ੧੫ ॥

ਪੰਚ[1] ਪਰਵਾਣ ਪੰਚ ਪਰਧਾਨੁ ।
ਪੰਚੇ ਪਾਵਹਿ ਦਰਗਹਿ ਮਾਨੁ ।
ਪੰਚੇ ਸੋਹਹਿ ਦਰਿ ਰਾਜਾਨੁ ।
ਪੰਚਾ ਕਾ ਗੁਰੁ ਏਕੁ ਧਿਆਨੁ ।
ਜੇ ਕੋ ਕਹੈ ਕਰੈ ਵੀਚਾਰੁ ।
ਕਰਤੇ ਕੈ ਕਰਣੈ ਨਾਹੀ ਸੁਮਾਰੁ[2] ।
ਧੌਲੁ[3] ਧਰਮੁ ਦਇਆ ਕਾ ਪੂਤੁ ।
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ[4] ।
ਜੇ ਕੋ ਬੁਝੈ ਹੋਵੈ ਸਚਿਆਰੁ[5] ।
ਧਵਲੈ ਉਪਰਿ ਕੇਤਾ ਭਾਰੁ ।
ਧਰਤੀ ਹੋਰੁ ਪਰੈ ਹੋਰੁ ਹੋਰੁ ।
ਤਿਸ ਤੇ ਭਾਰੁ ਤਲੈ ਕਵਣੁ ਜੋਰੁ ।
ਜੀਅ ਜਾਤਿ ਰੰਗਾ ਕੇ ਨਾਵ ।
ਸਭਨਾ ਲਿਖਿਆ[6] ਵੁੜੀ ਕਲਾਮ ।
ਏਹੁ ਲੇਖਾ[7] ਲਿਖਿ ਜਾਣੈ ਕੋਇ ।
ਲੇਖਾ ਲਿਖਿਆ ਕੇਤਾ ਹੋਇ ।
ਕੇਤਾ ਤਾਣੁ[8] ਸੁਆਲਿਹੁ[9] ਰੂਪੁ ।
ਕੇਤੀ ਦਾਤਿ ਜਾਣੈ ਕੌਣੁ ਕੂਤੁ[10] ।
ਕੀਤਾ ਪਸਾਉ ਏਕੋ ਕਵਾਉ ।
ਤਿਸ ਤੇ ਹੋਏ ਲਖ ਦਰੀਆਉ ।
ਕੁਦਰਤਿ[11] ਕਵਣ ਕਹਾ ਵੀਚਾਰੁ ।
ਵਾਰਿਆ ਨ ਜਾਵਾ ਏਕ ਵਾਰ ।
ਜੋ ਤੁਧੁ ਭਾਵੈ ਸਾਈ ਭਲੀ ਕਾਰ ।
ਤੂੰ ਸਦਾ ਸਲਾਮਤਿ ਨਿਰੰਕਾਰ ॥ ੧੬ ॥

ਚੰਗੇ ਬੰਦੇ ਸਦਾ ਈ ਹੋਂਦੇ ਨੇ ਪਰਵਾਨ
ਸਭ ਦੁਨੀਆਂ ਦੇ ਬੰਦਿਆਂ ਨਾਲੋਂ ਮਨੇ ਜਾਣ ਪ੍ਰਧਾਨ
ਸਚੇ ਦੀ ਦਰਗਾਹ ਵਿਚ ਚੰਗੇ ਪਾਉਂਦੇ ਮਾਣ
ਰਾਜਿਆਂ ਦੇ ਦਰਬਾਰ ਵਿਚ ਚੰਗੇ ਸਦਾ ਸੁਹਾਣ
ਚੰਗਿਆਂ ਦਾ ਸਤਿਗੁਰੂ ਵੱਲ ਲੱਗਾ ਰਹਿ ਧਿਆਨ
ਮਨ ਵਿਚ ਸ਼ਰਧਾ ਰਖ ਕੇ ਜਪਦੇ ਰਹਿੰਦੇ ਨਾਮ
ਅੰਤ ਓਸਦਾ ਲੈਣ ਲਈ ਜੇ ਕੋਈ ਕਰੇ ਵਿਚਾਰ
ਉਸਦੇ ਕੀਤੇ ਕੰਮਾਂ ਦਾ ਆਵੇ ਨਹੀਂ ਸ਼ੁਮਾਰ
ਧਰਮ ਨੂੰ ਬੌਲਦ ਜਾਣ ਲਉ ਦਇਆ ਤੋਂ ਉਪਜਣ ਹਾਰ
ਜਿਸ ਸਹਾਰੇ ਖੜਾ ਹੈ ਸਾਰਾ ਇਹ ਸੰਸਾਰ
ਦੂਜਾ ਫਿਰ ਸੰਤੋਖ ਹੈ ਜਿਸ ਵਿਚ ਸ਼ਕਤ ਅਪਾਰ
ਨਿਯਮ ਬੱਧ ਕਰ ਛਡਿਆ ਸਾਰਾ ਜਿਸ ਆਕਾਰ
ਜੇ ਕੋਈ ਏਸ ਰਮਜ਼ ਨੂੰ ਘੋਖੇ ਨਾਲ ਵਿਚਾਰ
ਸਮਝ ਸੋਚ ਕੇ ਉਤਰ ਦੇਵੇ ਤਾਂ ਮੰਨਾ ਸਚਿਆਰ
ਜਿਸ ਬਲਦ ਨੇ ਆਪਣੇ ਉਤੇ ਰਖੀ ਧਰਤ ਸਹਾਰ
ਕਿੰਨਾ ਸਾਰਾ ਹੋਏਗਾ ਉਸਦੇ ਉਤੇ ਭਾਰ
ਧਰਤੀਆਂ ਪਰੇ ਤੋਂ ਪਰੇ ਹਨ ਗਿਣਤੀ ਵਿਚ ਅਪਾਰ
ਉਹਨਾਂ ਹੇਠਾਂ ਬਲਦ ਜੋ ਕਿਸ ਨੇ ਰਖੇ ਸਹਾਰ
ਰੰਗਾਂ ਰੰਗਾਂ ਦੇ ਜੀਵ ਸਾਜ ਕੇ ਜਾਤੀ ਵੰਡ ਕਰਾਏ
ਸਭ ਨੂੰ ਲੇਖ਼ੇ ਅੰਦਰ ਲਿਖਿਆ ਆਪਣੀ ਕਲਮ ਵਗਾਏ
ਇਹ ਲੇਖਾ ਨਾ ਕਿਸੇ ਤੋਂ ਕਦੇ ਵੀ ਲਿਖਿਆ ਜਾਏ
ਜਿਉਂ ਜਿਉਂ ਲਿਖੀਏ ਏਸ ਨੂੰ ਤਿਉਂ ਤਿਉਂ ਵਧਦਾ ਜਾਏ
ਕੇਡਾ ਸੁੰਦਰ ਰੂਪ ਹੈ ਕੇਡੀ ਸ਼ਕਤਿ ਮਹਾਨ
ਕੇਡੀ ਵਡੀ ਦਾਤ ਹੈ ਕੋਈ ਨਾ ਸਕਦਾ ਜਾਣ
ਹੁਕਮ ਆਪਣੇ ਨਾਲ ਸਭ ਕੀਤਾ ਉਸ ਪਸਾਰ
ਤਿਸ ਤੋਂ ਲਖਾਂ ਬ੍ਰਹਿਮੰਡ ਅੰਤ ਨਾ ਪਾਰਾ ਵਾਰ
ਸ਼ਕਤੀ ਕਿਸ ਵਿਚ ਇਤਨੀ ਕਰ ਸਕੇ ਵਿਚਾਰ
ਮੈਂ ਨਾ ਸਦਕੇ ਓਸ ਤੋਂ ਜਾ ਸਕਾਂ ਇਕ ਵ੍ਾਰ
ਜਿਹੜੀ ਤੈਨੂੰ ਚੰਗੀ ਲਗੇ ਸਾਈ ਚੰਗੀ ਕਾਰ
ਜੁਗੋ ਜੁਗ ਅਟੱਲ ਹੈ ਆਪ ਸਚਾ ਨਿਰੰਕਾਰ ॥ ੧੬ ॥

ਅਸੰਖ ਜਪ ਅਸੰਖ ਭਾਉ ।
ਅਸੰਖ ਪੂਜਾ ਅਸੰਖ ਤਪ ਤਾਉ ।
ਅਸੰਖ ਗਰੰਥ ਮੁਖਿ ਵੇਦ ਪਾਠ ।
ਅਸੰਖ ਜੋਗ ਮਨਿ ਰਹਹਿ ਉਦਾਸ ।
ਅਸੰਖ ਭਗਤ ਗੁਣ ਗਿਆਨ ਵੀਚਾਰ ।
ਅਸੰਖ ਸਤੀ ਅਸੰਖ ਦਾਤਾਰ ।
ਅਸੰਖ ਸੂਰ [1]ਮੁਹ ਭਖ ਸਾਰ ।
ਅਸੰਖ ਮੋਨਿ [2]ਲਿਵ ਲਾਇ ਤਾਰ ।
ਕੁਦਰਤਿ ਕਵਣ ਕਹਾ ਵੀਚਾਰੁ ।
ਵਾਰਿਆ ਨ ਜਾਵਾ ਏਕ ਵਾਰ ।
ਜੋ ਤੁਧੁ ਭਾਵੈ ਸਾਈ ਭਲੀ ਕਾਰ ।
ਤੂੰ ਸਦਾ ਸਲਾਮਤਿ ਨਿਰੰਕਾਰ ॥ ੧੭ ॥

ਅਸੰਖਾਂ ਓਸਦੇ ਜਪ ਹਨ ਅਸੰਖ ਨੇ ਜਪਨੇ ਹਾਰ
ਅਸੰਖਾਂ ਹੀ ਸਤਿਕਾਰ ਹਨ ਅਸੰਖ ਨੇ ਕਰਨੇ ਹਾਰ
ਪੂਜਾ ਵੀ ਅਸੰਖ ਹਨ ਅਣਕ ਨੇ ਪੂਜਨ ਹਾਰ
ਅਸੰਖ ਤਪੀਸ਼ਰ ਤਪ ਹੀ ਸਾਧਨ ਰਹੇ ਨੇ ਕਸ਼ਟ ਸਹਾਰ
ਅਸੰਖਾਂ ਹੀ ਗਰੰਥ ਹਨ ਕਰਨ ਅਸੰਖਾਂ ਪਾਠ
ਅਸੰਖਾਂ ਜੋਗੀ ਜੋਗ ਧਾਰ ਕੇ ਮਨ ਵਿਚ ਰਹਿਣ ਉਦਾਸ
ਭਗਤ ਅਸੰਖਾਂ ਭਗਤੀ ਕਰਕੇ ਰਹੇ ਭਾਲ ਗਿਆਨ
ਅਸੰਖਾਂ ਸਤਿਆਵਾਨ ਹਨ ਅਸੰਖਾਂ ਕਰ ਰਹੇ ਦਾਨ
ਅਸੰਖਾਂ ਜੋਧੇ ਯੁਧ ਵਿਚ ਮੂੰਹ ਤੇ ਲੋਹਾ ਖਾਣ
ਅਸੰਖਾ ਮੋਨੀ ਚੁਪ ਸਾਧ ਕੇ ਅਚਲ ਸਮਾਧ ਲਗਾਣ
ਸ਼ਕਤੀ ਕਿਸ ਵਿਚ ਏਤਨੀ ਕਰ ਸਕੇ ਵਿਚਾਰ
ਮੈਂ ਨ ਸਦਕੇ ਤੁਧ ਤੋਂ ਜਾ ਸਕਾਂ ਇਕ ਵਾਰ
ਜਿਹੜੀ ਤੈਨੂੰ ਚੰਗੀ ਲਗੇ ਸਾਈ ਚੰਗੀ ਕਾਰ
ਜੁਗੋ ਜੁਗ ਅਟਲ ਤੂੰ ਆਪ ਸਚਾ ਨਿਰੰਕਾਰ ॥ ੧੭ ॥

ਅਸੰਖ ਮੂਰਖ ਅੰਧ ਘੋਰ ।
ਅਸੰਖ ਚੋਰ ਹਰਾਮਖੋਰ ।
ਅਸੰਖ ਅਮਰ[1] ਕਰਿ ਜਾਹਿ ਜੋਰ ।
ਅਸੰਖ ਗਲਵਢ ਹਤਿਆ ਕਮਾਹਿ ।
ਅਸੰਖ ਪਾਪੀ ਪਾਪੁ ਕਰਿ ਜਾਹਿ[2] ।
ਅਸੰਖ ਕੂੜਿਆਰ ਕੂੜੇ ਫਿਰਾਹਿ ।
ਅਸੰਖ ਮਲੇਛ ਮਲੁ [3]ਭਖਿ ਖਾਹਿ ।
ਅਸੰਖ ਨਿੰਦਕ [4]ਸਿਰਿ ਕਰਹਿ ਭਾਰੁ ।
ਨਾਨਕ ਨੀਚੁ ਕਹੈ ਵੀਚਾਰੁ ।
ਵਾਰਿਆ ਨ ਜਾਵਾ ਏਕ ਵਾਰ ।
ਜੋ ਤੁਧੁ ਭਾਵੇ ਸਾਈ ਭਲੀ ਕਾਰ ।
ਤੂ ਸਦਾ ਸਲਾਮਤਿ ਨਿਰੰਕਾਰ ॥ ੧੮ ॥

ਅਸੰਖਾਂ ਮੂਰਖ ਮੂਰਖਤਾ ਵਿਚ ਕਰ ਰਹੇ ਨਾਸ਼ ਗਿਆਨ
ਚੋਰ ਅਸੰਖਾ ਚੋਰੀ ਕਰਦੇ ਖਾਣ ਅਸੰਖ ਹਰਾਮ
ਅਸੰਖਾ ਜ਼ੋਰਾ ਜਬਰੀ ਕਰਕੇ ਰਹੇ ਨੇ ਰਾਜ ਕਮਾਇ
ਅਸੰਖਾਂ ਏਥੇ ਮਾੜਿਆਂ ਉਤੇ ਰਹੇ ਨੇ ਜ਼ੁਲਮ ਕਮਾਇ
ਅਸੰਖਾ ਪਾਪੀ ਪਾਪ ਕਮਾ ਕੇ ਪਾਪਾਂ ਕਰਨ ਵਿਹਾਰ
ਰੂਪ ਕਸਾਈ ਧਾਰਨ ਕਰਕੇ ਰਹੇ ਕਈਆਂ ਨੂੰ ਮਾਰ
ਅਸੰਖਾ ਝੂਠੇ ਝੂਠ ਬੋਲ ਕੇ ਝੂਠੀ ਕਰਦੇ ਕਾਰ
ਅਸੰਖਾ ਮੈਲੀ ਇਛਿਆ ਵਾਲੇ ਕਰਨ ਭ੍ਰਿਸਟ ਅਹਾਰ
ਅਸੰਖਾ ਨਿੰਦਕ ਨਿੰਦਿਆ ਕਰ ਕਰ ਸਿਰ ਤੇ ਲੈਂਦੇ ਭਾਰ
ਨੀਚਾਂ ਦੀ ਹੈ ਨਾਨਕਾ ਏਦਾਂ ਕਰੀ ਵਿਚਾਰ
ਸ਼ਕਤੀ ਕਿਸ ਵਿਚ ਏਤਨੀ ਕਰ ਸਕੇ ਵਿਚਾਰ
ਮੈਂ ਨਾ ਸਦਕੇ ਤੁਧ ਤੋਂ ਹੋ ਸਕਾਂ ਇਕ ਵਾਰ
ਜਿਹੜੀ ਤੈਨੂੰ ਚੰਗੀ ਲਗੇ ਸਾਈ ਚੰਗੀ ਕਾਰ
ਜੁਗੋ ਜੁਗ ਅਟਲ ਤੂੰ ਆਪ ਸਚਾ ਨਿਰੰਕਾਰ ॥ ੧੮ ॥

ਅਸੰਖ ਨਾਵ[1] ਅਸੰਖ ਥਾਵ
ਅਗੰਮ ਅਗੰਮ ਅਸੰਖ ਲੋਅ[2]।
ਅਸੰਖ ਕਹਹਿ [3]ਸਿਰਿ ਭਾਰੁ ਹੋਇ।
ਅਖਰੀ ਨਾਮੁ ਅਖਰੀ ਸਾਲਾਹ।
ਅਖਰੀ ਗਿਆਨੁ ਗੀਤ [4]ਗੁਣ ਗਾਹ।
ਅਖਰੀ ਲਿਖਣੁ ਬੋਲਣੁ ਬਾਣਿ[5]।
ਅਖਰਾ [6]ਸਿਰਿ ਸੰਜੋਗੁ ਵਖਾਣਿ।
ਜਿਨਿ ਏਹਿ ਲਿਖੇ ਤਿਸੁ [7]ਸਿਰਿ ਨਾਹਿ।
ਜਿਵ ਫੁਰਮਾਏ [8]ਤਿਵ ਤਿਵ ਪਾਹਿ।
ਜੇਤਾ ਕੀਤਾ ਤੇਤਾ ਨਾਉ।
ਵਿਣੁ ਨਾਵੈ ਨਾਹੀ ਕੋ ਥਾਉ।
ਕੁਦਰਤਿ ਕਵਣ ਕਹਾ ਵੀਚਾਰੁ।
ਵਾਰਿਆ ਨ ਜਾਵਾ ਏਕ ਵਾਰ।
ਜੋ ਤੁਧੁ ਭਾਵੈ ਸਾਈ ਭਲੀ ਕਾਰ।
ਤੂ ਸਦਾ ਸਲਾਮਤਿ ਨਿਰੰਕਾਰ ॥ ੧੯ ॥

ਕੋਈ ਗਿਣ ਨਹੀਂ ਸਕਦਾ ਕਿੰਨੇ ਉਸਦੇ ਨਾਓਂ
ਕੋਈ ਗਿਣ ਨਹੀਂ ਸਕਦਾ ਕਿੰਨੇ ਉਸ ਦੇ ਥਾਓਂ
ਕਿੰਨੇ ਉਸਦੇ ਲੋਕ ਹਨ ਗਿਣ ਨ ਸਕੇ ਕੋਇ
ਉਥੋਂ ਤੀਕਰ ਕਿਸੇ ਦੀ ਪਹੁੰਚ ਨਾ ਸਕਦੀ ਹੋਇ
ਅਣਗਿਣਤ ਸ਼ਬਦ ਵੀ ਆਖ ਕੇ ਸਿਰ ਤੇ ਚੜ੍ਹਿਆ ਭਾਰ
ਅਸਲ ਵਿਚ ਤਾਂ ਓਸਦਾ ਹੋਵੇ ਨਹੀਂ ਸ਼ੁਮਾਰ
ਅਖਰਾਂ ਦੁਆਰਾ ਓਸਦਾ ਜਪਿਆ ਜਾਂਦਾ ਨਾਮ
ਅਖਰਾਂ ਨਾਲ ਹੀ ਕੀਤੀ ਜਾਂਦੀ ਉਸਦੀ ਸਿਫਤ ਕਲਾਮ
ਅਖਰਾਂ ਦੁਆਰਾ ਗਿਆਨ ਦੀ ਕੀਤੀ ਜਾਏ ਵਿਚਾਰ
ਅਖਰਾਂ ਨਾਲ ਹੀ ਗੀਤ ਗੁਣ ਕੀਤੇ ਜਾਣ ਉਚਾਰ
ਅਖਰਾਂ ਨਾਲ ਹੀ ਲਿਖਿਆ ਜਾਏ ਅਖਰੀਂ ਬੋਲਿਆ ਜਾਏ
ਰੱਬ ਨਾਲ ਸਬੰਧ ਜੋ ਅਖਰੀਂ ਦਸਿਆ ਜਾਇ
ਜਿਸ ਨੇ ਅੱਖਰ ਲਿਖੇ ਹਨ ਉਸਦੇ ਮੱਥੇ ਨਾਹਿ
ਜਿਉਂ ਜਿਉਂ ਹੁਕਮ ਕਿਸੇ ਨੂੰ ਹੁੰਦਾ ਤਿਉਂ ਤਿਉਂ ਕੋਈ
ਪਾਇ
ਹਰ ਇਕ ਕੰਮ ਤੋਂ ਓਸਦਾ ਪਰਗਟ ਹੁੰਦਾ ਨਾਉਂ
ਨਾਮ ਤੋਂ ਬਿਨਾ ਹੋਰਥੇ ਨਾਹੀਂ ਕੋਇ ਥਾਉਂ
ਸ਼ਕਤੀ ਕਿਸ ਵਿਚ ਏਤਨੀ ਕਰ ਸਕੇ ਵਿਚਾਰ
ਮੈਂ ਨ ਸਦਕੇ ਤੁਦ ਤੋਂ ਹੋ ਸਕਾਂ ਇਕ ਵਾਰ
ਜਿਹੜੀ ਤੈਨੂੰ ਚੰਗੀ ਲਗੇ ਸੋਈ ਚੰਗੀ ਕਾਰ
ਜੁਗੋ ਜੁਗ ਅਟਲ ਤੂੰ ਆਪ ਸਚਾ ਨਿਰੰਕਾਰ ॥ ੧੯ ॥

ਭਰੀਐ ਹਥੁ ਪੈਰੁ ਤਨੁ ਦੇਹ।
ਪਾਣੀ ਧੋਤੈ ਉਤਰਸੁ ਖੇਹ[1]।
ਮੂਤ ਪਲੀਤੀ[2] ਕਪੜੁ ਹੋਇ।
ਦੇ ਸਾਬੂਣੁ ਲਈਐ ਓਹੁ ਧੋਇ।
ਭਰੀਐ ਮਤਿ ਪਾਪਾਂ ਕੈ ਸੰਗਿ।
ਓਹੁ ਧੋਪੈ ਨਾਵੈ ਕੈ ਰੰਗਿ।
ਪੁੰਨੀ ਪਾਪੀ ਆਖਣੁ ਨਾਹਿ।
ਕਰਿ ਕਰਿ ਕਰਣਾ ਲਿਖਿ ਲੈ ਜਾਹੁ।
ਆਪੇ ਬੀਜਿ ਆਪੇ ਹੀ ਖਾਹੁ।
ਨਾਨਕ ਹੁਕਮੀ ਆਵਹੁ ਜਾਹੁ ॥ ੨੦ ॥

ਸਭੇ ਅੰਗ ਸਰੀਰ ਦੇ ਗਰਦ ਨਾਲ ਭਰ ਜਾਣ
ਪਾਣੀ ਦੇ ਸੰਗ ਧੋਤਿਆਂ ਤੁਰਤ ਸਾਫ ਹੋ ਜਾਣ
ਗੰਦ ਮੰਦ ਨਾਲ ਕਪੜਾ ਜੇ ਗੰਦਾ ਹੋ ਜਾਇ
ਸਾਬਣ ਲਾਕੇ ਓਸਨੂੰ ਲਈਏ ਸਾਫ ਕਰਾਇ
ਪਾਪਾਂ ਨਾਲ ਜੇ ਕਿਸੇ ਦੀ ਮਤ ਮੈਲੀ ਹੋ ਜਾਇ
ਸੱਚਾ ਨਾਮ ਧਿਆਇ ਕੇ ਮੁੜ ਉੱਜਲ ਹੋ ਜਾਇ
ਪੁਨ ਪਾਪ ਜੋ ਕਰਮ ਹੈ ਆਖਣ ਮਾਤ੍ਰ ਨਾਹਿ
ਕੀਤਾ ਹੋਇਆ ਹੱਥ ਦਾ ਓਹੋ ਨਾਲ ਲੈ ਜਾਇ
ਬੀਜ ਜਵੇਹਿਆ ਬੀਜਿਆ ਤਿਹੋ ਜਿਹਾ ਫਲ ਖਾਏ
ਹੁਕਮ ਦੇ ਅੰਦਰ ਨਾਨਕਾ ਇਹ ਜੀਅ ਆਵੈ ਜਾਇ ॥ ੨੦ ॥

ਤੀਰਥੁ ਤਪੁ ਦਇਆ ਦਤੁ[1] ਦਾਨੁ ।
ਜੇ ਕੋ ਪਾਵੈ ਤਿਲ[2] ਕਾ ਮਾਨੁ ।
ਸੁਣਿਆ ਮੰਨਿਆ ਮਨਿ ਕੀਤਾ ਭਾਉ ।
ਅੰਤਰਗਤਿ[3] ਤੀਰਥਿ [4]ਮਲਿ ਨਾਉ ।
ਸਭਿ ਗੁਣ ਤੇਰੇ ਮੈ ਨਾਹੀ ਕੋਇ ।
ਵਿਣੁ ਗੁਣ ਕੀਤੇ ਭਗਤਿ ਨ ਹੋਇ ।
[5]ਸੁਅਸਤਿ ਆਥਿ ਬਾਣੀ ਬਰਮਾਉ[6] ।
ਸਤਿ ਸੁਹਾਣੁ[7] ਸਦਾ ਮਨਿ ਚਾਉ ।
ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ।
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਰੁ[8] ।
ਵੇਲ[9] ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ।
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ।
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ।
ਜਾ ਕਰਤਾ [10]ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ।
ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ[11] ਕਿਵ ਜਾਣਾ ।
ਨਾਨਕ ਆਖਣਿ ਸਭੁ ਕੋ ਆਖੈ ਇਕਦੂ ਇਕੁ ਸਿਆਣਾ ।
ਵਡਾ ਸਾਹਿਬੁ ਵਡੀ ਨਾਈ[12] ਕੀਤਾ ਜਾ ਕਾ ਹੋਵੈ ।
ਨਾਨਕ ਜੇ ਕੋ ਆਪੌ ਜਾਣੈ [13]ਅਗੈ ਗਇਆ ਨ ਸੋਹੈ ॥ ੨੧ ॥

ਤੀਰਥਾਂ ਉਤੇ ਜਾਇਕੇ ਕਰ ਆਵੇ ਇਸ਼ਨਾਨ
ਦਿਲੋਂ ਦਿਆਲੂ ਹੋ ਕੇ ਸਭ ਕੁਝ ਕਰ ਦਏ ਦਾਨ
ਕਠਨ ਤਪਸਿਆ ਸਾਧਕੇ ਪਾਵੇ ਕਸ਼ਟ ਮਹਾਨ
ਜੇ ਕੁਝ ਵਡਿਆਈ ਪਾ ਸਕੇ ਉਹ ਹੋਦੇ ਤਿਲ ਸਮਾਨ
ਮਨ ਵਿਚ ਰਖ ਪਿਆਰ ਜਿਹਨਾ ਨੇ ਸੁਣਕੇ ਮੰਨਿਆ ਨਾਮ
ਅੰਤਰ ਆਤਮੇ ਉਹਨਾਂ ਨੇ ਕਰ ਲੀਤਾ ਅਸ਼ਨਾਨ
ਨੇਕੀਆਂ ਤੇ ਚੰਗਿਆਈਆਂ ਤੇਰੇ ਵਿਚ ਭਰਭੂਰ
ਮੈਂ ਨਿਰਗੁਣ ਤੂੰ ਸ਼ਭ ਗੁਣ ਕੋਹਾਂ ਰਹਿੰਦੇ ਦੂਰ
ਜਦ ਤੱਕ ਅਸੀਂ ਨਾ ਹੋਈਦੇ ਸ਼ੁਭ ਗੁਣਾ ਦੀ ਖਾਣ
ਤਦ ਤੱਕ ਭਗਤੀ ਓਸਦੀ ਹੁੰਦੀ ਨਹੀਂ ਪਰਵਾਨ
ਬ੍ਰਹਮ ਬਾਣੀ ਨੂੰ ਮਨਣਾ ਉਤਮ ਕਰਮ ਇਹ ਮਾਨ
ਮੁਕਤ ਪਦਾਰਥ ਪਾਉਣ ਲਈ ਸਿਧਾ ਰਸਤਾ ਜਾਣ
ਸਤ ਸਰੂਪ ਹੈ ਓਸਦਾ ਸੁੰਦਰ ਬਹੁਤ ਅਨੂਪ
ਚਾਓ ਸਦਾ ਮਨ ਓਸਦੇ ਉਹ ਭੂਪਾਂ ਦਾ ਭੂਪ
ਕਿਹੜਾ ਵੇਲਾ ਹੋਏਗਾ ਕਿਹੜਾ ਵਕਤ ਵਿਚਾਰ
ਕਿਹੜੀ ਥਿਤ ਨੂੰ ਮੰਨਿਆ ਜਾਵੇ ਕਿਹੜਾ ਮਿਥੀਏ ਵਾਰ
ਕਿਹੜੀ ਰੁਤ ਮਹੀਨਾ ਕਿਹੜਾ ਦੱਸੇ ਕੌਣ ਵਿਚਾਰ
ਜਿਸ ਦਿਨ ਓਸ ਅਕਾਲ ਨੇ ਰਚਿਆ ਇਹ ਅਕਾਰ
ਪੰਡਤ ਵੇਲਾ ਲਭ ਨਾ ਸਕੇ ਜਿਹਨਾ ਲਿਖੇ ਪ੍ਰਾਣ
ਵਕਤ ਕਾਜ਼ੀਆਂ ਹੱਥ ਨਾ ਆਇਆ ਲਿਖਿਆ ਜਿਹਨਾ ਕੁਰਾਨ
ਜੋਗੀ ਜਨ ਵੀ ਦਸ ਨਾ ਸਕਣ ਕਿਹੜਾ ਸੀ ਉਹ ਵਾਰ
ਰੁਤ ਮਹੀਨਾ ਤੇ ਥਿਤ ਕਿਹੜੀ ਹੋਇਆ ਜਦੋਂ ਆਕਾਰ
ਜਿਸ ਦਿਨ ਕਰਤੇ ਰਚਨਾ ਕੀਤੀ ਜਾਣ ਨਾ ਸਕੇ ਕੋਇ
ਉਹੋ ਹੀ ਹੈ ਜਾਣਦਾ ਆਪੇ ਸਚਾ ਸੋਇ
ਸਿਫਤ ਓਸਦੀ ਕੀਕੂੰ ਆਖਾਂ ਕਿਵੇਂ ਕਥੇ ਜ਼ਬਾਨ
ਕਿਉਂ ਕਰ ਉਸਨੂੰ ਜਾਣ ਸਕਾਂ ਮੈਂ ਹੋ ਨਾ ਸਕੇ ਗਿਆਨ
ਆਖਣ ਨੂੰ ਤਾਂ ਨਾਨਕਾ ਸਭ ਕੋਈ ਆਖ ਸੁਣਾਏ
ਇਕ ਤੋਂ ਇਕ ਸਿਆਣਾ ਬਣਕੇ ਭੇਤ ਨਾ ਸਕੇ ਲਿਖਾਏ
ਵੱਡਾ ਸਾਹਿਬ ਆਖੀਏ ਵੱਡਾ ਨਾਮ ਰਖਾਏ
ਜਿਸਦਾ ਕੀਤਾ ਸਭ ਕੁਛ ਹੋਵੇ 'ਦੂਸਰ ਲਵੈ ਨ ਲਾਏ'
ਜੇ ਕੋਈ ਮੂਰਖ ਨਾਨਕਾ ਹਓਮੇ ਸ਼ਬਦ ਅਲਾਏ
ਤਿਸ ਸੱਚੇ ਦਰਬਾਰ ਵਿਚ ਅਤੀ ਨਿਰਾਦਰ ਪਾਏ ॥ ੨੧ ॥

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ[1] ।
ਓੜਕ[2] ਓੜਕ ਭਾਲਿ ਥਕੇ ਵੇਦ ਕਹਨਿ [3]ਇਕ ਵਾਤ ।
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ [4]ਇਕੁ ਧਾਤੁ ।
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ।
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ ੨੨ ॥

ਉਸ ਕਰਤੇ ਦੀ ਕੁਦਰਤ ਅੰਦਰ ਲੱਖਾਂ ਹੈਣ ਪਤਾਲ
ਕਿਨੇ ਹੈਣ ਆਕਾਸ਼ ਵੀ ਆਉਣ ਨ ਵਿੱਚ ਖਿਆਲ
ਓੜਕ ਭਾਲਣ ਵਾਸਤੇ ਕੇਤੇ ਹੋਏ ਤਿਆਰ
ਪਾਏ ਨ ਸਕੇ ਓੜਕ ਉਸਦਾ ਬੈਠ ਗਏ ਥਕ ਹਾਰ
ਚਾਰੇ ਵੇਦ ਪੁਰਾਨ ਅਠਾਰਾਂ ਦੱਸਣ ਕਰ ਵਖਿਆਨ
ਕਈ ਹਜ਼ਾਰ ਕਤੇਬਾਂ ਅੰਦਰ ਆਇਆ ਇਉਂ ਬਿਆਨ
"ਅਸਲੀ ਗੱਲ ਅਸੂਲ ਦੀ ਰਚਿਆ ਜਿਸ ਸੰਸਾਰ
ਸਭ ਦਾ ਮੁਢ ਉਹ ਆਪ ਹੈ ਆਦਿ ਪੁਰਖ ਕਰਤਾਰ"
ਕੁਦਰਤ ਉਸਦੀ ਦਾ ਕੋਈ ਕਿਵੇਂ ਕਰੇ ਵਿਚਾਰ
ਕਰਤੇ ਦੀ ਇਹ ਖੇਡ ਹੈ ਕਰਤਾ ਜਾਨਣਹਾਰ
ਲੇਖਾ ਹੋਏ ਤਾਂ ਲਿਖਿਆ ਜਾਵੇ ਲੇਖਾ ਅਪਰ ਅਪਾਰ
ਜਿਹੜੇ ਲੇਖਾ ਲਿਖਣ ਬੈਠੇ ਮੌਤ ਦਾ ਹੋਏ ਸ਼ਕਾਰ
ਸਭ ਤੋਂ ਵਡਾ ਕਹੀਏ ਨਾਨਕ ਸੱਚਾ ਪੁਰਖ ਅਕਾਲ
ਆਪਣੀ ਕੁਦਰਤ ਆਪੇ ਜਾਣੇ ਉਹ ਹੈ ਦੀਨ ਦਿਆਲ ॥ ੨੨ ॥

ਸਾਲਾਹੀ ਸਾਲਾਹਿ ਏਤੀ ਸੁਰਤਿ[1] ਨ ਪਾਈਆ ।
ਨਦੀਆ ਅਤੈ ਵਾਹ[2] ਪਵਹਿ ਸਮੁੰਦਿ ਨ ਜਾਣੀਅਹਿ ।
ਸਮੁੰਦ[1] ਸਾਹ ਸੁਲਤਾਨ [3]ਗਿਰਹਾ ਸੇਤੀ ਮਾਲੁ ਧਨੁ ।
ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥ ੨੩ ॥

ਸਲਾਹੁਣ ਜੋਗ ਨੂੰ ਭਗਤ ਜਨ ਮੁਖੋਂ ਰਹੇ ਸਲਾਹ
(ਪਰ) ਭੇਤ ਓਸ ਅਕਾਲ ਦਾ ਰਤਾ ਨ ਸਕਣ ਪਾ
ਨਦੀਆਂ ਅਤੇ ਨਾਲੇ ਜਿਕਰ ਵਿਚ ਸਮੁੰਦਰ ਜਾਣ
ਅੰਤ ਓਸਦਾ ਲੈ ਨ ਸਕਣ ਇਕ ਮਿੱਕ ਹੋ ਜਾਣ
ਪਾਤਸ਼ਾਹਾਂ 'ਚੋਂ ਪਾਤਸ਼ਾਹ ਵੱਡਾ ਆਪ ਨੂੰ ਕਰੇ ਸ਼ੁਮਾਰ
ਘਰ ਓਸਦੇ ਧਨ ਦੋਲਤ ਦੇ ਲਗੇ ਰਹਿਣ ਅੰਬਾਰ
ਓਸ ਕੀੜੀ ਦੀ ਕਰੇ ਬਰਾਬਰੀ ਇਹ ਕਿਵੇਂ ਹੋ ਜਾਇ ?
ਜਿਸ ਨੂੰ ਸਾਹਿਬ ਸਦਾ ਆਪਣੇ ਚੇਤੇ ਵਿਚ ਰਖਾਏ ॥ ੨੩ ॥

ਅੰਤੁ ਨ ਸਿਫਤੀ ਕਹਣਿ ਨ ਅੰਤੁ ।
ਅੰਤ ਨ ਕਰਣੈ ਦੇਣਿ[1] ਨ ਅੰਤੁ ।
ਅੰਤ ਨ ਵੇਖਣਿ ਸੁਣਣਿ ਨ ਅੰਤ ।
ਅੰਤੁ ਨ ਜਾਪੈ ਕਿਆ ਮਨਿ ਮੰਤੁ[2] ।
ਅੰਤੁ ਨ ਜਾਪੈ ਕੀਤਾ ਆਕਾਰੁ ।
ਅੰਤੁ ਨ ਜਾਪੈ ਪਾਰਾ ਵਾਰੁ[3] ।
ਅੰਤੁ ਕਾਰਣਿ ਕੇਤੇ ਬਿਲਲਾਹਿ[4] ।
ਤਾ ਕੇ ਅੰਤ ਨ ਪਾਏ ਜਾਹਿ ।
ਏਹੁ ਅੰਤੁ ਨ ਜਾਣੈ ਕੋਇ ।
ਬਹੁਤਾ ਕਹੀਐ ਬਹੁਤਾ ਹੋਇ ।
ਵਡਾ ਸਾਹਿਬੁ ਊਚਾ ਥਾਉ[5] ।
ਊਚੇ ਉਪਰਿ ਊਚਾ ਨਾਉ ।
ਏਵਡੁ ਊਚਾ ਹੋਵੈ ਕੋਇ ।
ਤਿਸੁ ਊਚੇ ਕਉ ਜਾਣੈ ਸੋਇ ।
ਜੇਵਡੁ ਆਪਿ ਜਾਣੈ ਆਪਿ ਆਪਿ ।
ਨਾਨਕ ਨਦਰੀ[6] ਕਰਮੀ ਦਾਤਿ ॥ ੨੪ ॥

ਵਾਹਿਗੁਰੂ ਦੇ ਗੁਣਾ ਦਾ ਕੋਈ ਨਾ ਆਵੇ ਅੰਤ
ਕਹਿਆਂ ਕਹਿ ਨਾ ਜਾਂਵਦੇ ਉਹ ਹਨ ਬਹੁਤ ਬੇਅੰਤ
ਉਸਦੇ ਕੀਤੇ ਕੰਮਾਂ ਦਾ ਹੋਵੇ ਨਹੀ ਸ਼ੁਮਾਰ
ਜੋ ਕੁਝ ਦਿੱਤਾ ਬੰਦੇ ਨੂੰ ਉਹ ਵੀ ਅਪਰ ਅਪਾਰ
ਰਚਣਾ ਤੇਰੀ ਵਿਚ ਪ੍ਰਭੂ ਵਸਤਾਂ ਬਹੁਤ ਬੇਅੰਤ
ਵੇਖਿਆਂ ਮੁਕ ਨਾ ਸਕਦੀਆਂ ਸੁਣਿਆਂ ਆਏ ਨ ਅੰਤ
ਨਾ ਹੀ ਕਿਸੇ ਨੂੰ ਪਤਾ ਹੈ ਕੀ ਉਸਦੇ ਮਨ ਮਾਹਿ
ਨਾ ਹੀ ਕੋਈ ਜਾਣਦਾ ਕਿਉਂ ਇਹ ਰਚਣ ਰਚਾਏ
ਸ੍ਰਿਸ਼ਟੀ ਜਿਹੜੀ ਤੂੰ ਰਚੀ ਹੇ ਮੇਰੇ ਕਰਤਾਰ
ਕਈ ਲਭ ਨ ਸਕਦਾ ਇਸਦਾ ਪਾਰ ਉਰਾਰ
ਕੇਤੇ ਅੰਤ ਨੂੰ ਲਭਣ ਖਾਤਰ ਥਕੇ ਜੋਰ ਲਗਾਏ
ਚੀਕ ਚਹਾੜਾ ਪਾਉਣ ਪਏ ਅੰਤ ਨ ਪਾਇਆ ਜਾਏ
ਏਸ ਅੰਤ ਨੂੰ ਕਦੇ ਵੀ ਕੋਈ ਨ ਸਕੇ ਪਾਇ
ਜਿਓਂ ਜਿਓਂ ਬਹੁਤਾ ਆਖੀਏ ਬਹੁਤਾ ਹੁੰਦਾ ਜਾਇ
ਸਚਾ ਪੁਰਖ ਅਕਾਲ ਜੋ ਉੱਚਾ ਉਸਦਾ ਥਾਓਂ
ਸਭ ਤੋਂ ਉੱਚਾ ਜਾਣੀਏ ਓਸ ਉੱਚੇ ਦਾ ਨਾਉਂ
ਏਡਾ ਵੱਡਾ ਜਨ ਕੋਈ ਜੇਕਰ ਉਚਾ ਹੋਇ
ਓਸ ਉੱਚੇ ਦੀ ਸਾਰ ਨੂੰ ਪਾ ਸਕਦਾ ਹੈ ਸੋਇ .
ਆਪੇ ਹੀ ਉਹ ਜਾਣਦਾ ਜਿਡਾ ਵੱਡਾ ਆਪ
ਸਭਨਾ ਉਪਰ ਨਾਨਕਾ ਮਿਹਰ ਦੀ ਕਰਦਾ ਦਾਤ ॥ ੨੪ ।

ਬਹੁਤਾ ਕਰਮੁ[1] ਲਿਖਿਆ ਨਾ ਜਾਇ ।
ਵਡਾ ਦਾਤਾ ਤਿਲੁ ਨ ਤਮਾਇ[2] ।
ਕੇਤੇ ਮੰਗਹਿ ਜੋਧ ਅਪਾਰ ।
ਕੇਤਿਆ ਗਣਤ ਨਹੀ ਵੀਚਾਰੁ ।
ਕੇਤੇ ਖਪਿ ਤੁਟਹਿ ਵੇਕਾਰ[3] ।
ਕੇਤੇ ਲੈ ਲੈ ਮੁਕਰੁ ਪਾਹਿ ।
ਕੇਤੇ ਮੂਰਖ ਖਾਹੀ ਖਾਹਿ ।
ਕੇਤਿਆ ਦੂਖ ਭੂਖ ਸਦ ਮਾਰ ।
ਏਹਿ ਭਿ ਦਾਤਿ ਤੇਰੀ ਦਾਤਾਰ ।
ਬੰਦਖਲਾਸੀ[4] ਭਾਣੈ ਹੋਇ ।
ਹੋਰੁ ਆਖਿ ਨ ਸਕੈ ਕੋਇ ।
ਜੇ ਕੋ ਖਾਇਕੁ[5] ਆਖਣਿ ਪਾਇ ।
ਓਹੁ ਜਾਣੈ ਜੇਤੀਆ ਮੁਹਿ ਖਾਇ ।
ਆਪੇ ਜਾਣੈ ਆਪੇ ਦੇਇ ।
ਆਖਹਿ [6]ਸਿ ਭਿ ਕੇਈ ਕੇਇ ।
ਜਿਸਨੋ ਬਖਸੇ ਸਿਫਤਿ ਸਾਲਾਹ ।
ਨਾਨਕ ਪਾਤਿਸਾਹੀ ਪਾਤਿਸਾਹੁ ॥ ੨੫ ॥

ਬਖਸ਼ਸ਼ ਤੇਰੀ ਨੂੰ ਕੋਈ ਕਿਵੇਂ ਕਰੇ ਬਿਆਨ
ਲਿਖਣ ਵਿਚ ਨਾ ਆਂਵਦੀ ਕਹਿ ਨਾ ਸਕੇ ਜ਼ੁਬਾਨ
ਵੱਡਾ ਦਾਤਾ ਹੋਇਕੇ ਦਾਤਾਂ ਦਏ ਅਪਾਰ
ਫਿਰ ਭੀ ਤਿਲ ਭਰ ਤਮ੍ਹਾਂ ਨਹੀਂ ਤੈਨੂੰ ਹੇ ਕਰਤਾਰ
ਵੱਡੇ ਵੱਡੇ ਜੋ ਸੂਰਮੇ ਗਿਣਤੀ ਵਿਚ ਅਪਾਰ
ਤੈਥੋਂ ਨੇ ਬਲ ਮੰਗਦੇ ਤੂੰ ਹੈਂ ਦੇਵਣਹਾਰ
ਕਈ ਵਕਾਰੀ ਪੁਰਸ਼ ਜੋ ਕਰਦੇ ਨਿਤ ਵਿਕਾਰ
ਖੱਪ ਟੁੱਟ ਕੇ ਰਹੇ ਰਹਿ ਵਿਸ਼ਿਆਂ ਦੇ ਵਿਚਕਾਰ
ਪਾਕੇ ਤੇਰੀ ਦਾਤ ਨੂੰ ਕੇਤੇ ਮੁੱਕਰ ਜਾਣ
ਕੋਈ ਮੂਰਖ ਹੋਰ ਵੀ ਖਾਈ ਖਾਈ ਜਾਣ
ਇਹਨਾਂ ਤੇ ਵੀ ਕਰਤਿਆ ਤੇਰੀ ਮਿਹਰ ਅਪਾਰ
ਅਕ੍ਰਿਤਘਣਾ ਨੂੰ ਪਾਲਦਾ ਹੇ ਮੇਰੇ ਦਾਤਾਰ
ਕੋਈ ਸਹਿੰਦੇ ਸਦਾ ਹੀ ਦੁੱਖ ਭੁਖ ਦੀ ਮਾਰ
ਇਹ ਵੀ ਤੇਰੀ ਦਾਤ ਹੈ ਦਾਤਾਂ ਵਿਚ ਸ਼ੁਮਾਰ
ਬੰਦ ਖਲਾਸੀ ਜੀਵ ਦੀ ਹੁਕਮ ਤੇਰੇ ਵਿਚ ਹੋਏ
ਹੋਰ ਨ ਸ਼ਕਤੀ ਕਿਸੇ ਵਿਚ ਕਰ ਨ ਸਕੇ ਕੋਇ
ਜੇ ਕੋਈ ਮੂਰਖ ਉਠਕੇ ਝੂਠ ਕਰੇ ਤਕਰਾਰ
ਉਹੋ ਹੀ ਹੈ ਜਾਣਦਾ ਜੇਤੀ ਖਾਵੇ ਮਾਰ
ਉਹ ਆਪੇ ਸਭ ਕੁਝ ਜਾਣਦਾ ਆਪੇ ਦੇਵਣਹਾਰ
ਇਸ ਗੱਲ ਨੂੰ ਕੋਈ ਹੀ ਮੁਖੋਂ ਕਹੇ ਉਚਾਰ
ਜਿਸ ਨੂੰ ਬਖਸੇਂ ਦਾਤਿਆ ਆਪਣੀ ਸਿਫਤ ਸਲਾਹ
ਉਸਨੂੰ ਕਹੀਦੇ ਨਾਨਕਾ ਪਾਤਸ਼ਾਹਾਂ ਦਾ ਸ਼ਾਹ ॥ ੨੫ ॥

ਅਮੁਲ[1] ਗੁਣ ਅਮੁਲ ਵਪਾਰ ।
ਅਮੁਲ ਵਾਪਾਰੀਏ ਅਮੁਲ ਭੰਡਾਰ ।
ਅਮੁਲ ਆਵਹਿ ਅਮੁਲ ਲੈ ਜਾਹਿ ।
ਅਮੁਲ ਭਾਇ[2] ਅਮੁਲਾ ਸਮਾਹਿ[3] ।
ਅਮੁਲੁ ਧਰਮੁ ਅਮੁਲੁ ਦੀਬਾਣੁ[4] ।
ਅਮੁਲੁ ਤੁਲੁ[5] ਅਮੁਲ ਪਰਵਾਣੁ[6] ।
ਅਮੁਲੁ ਬਖਸੀਸ ਅਮੁਲੁ ਨੀਸਾਣੁ ।
ਅਮੁਲੁ ਕਰਮੁ ਅਮੁਲੁ ਫੁਰਮਾਣੁ[7] ।
ਅਮੁਲੋ ਅਮੁਲੁ ਆਖਿਆ ਨ ਜਾਇ ।
ਆਖਿ ਆਖਿ ਰਹੇ ਲਿਵ ਲਾਇ ।
ਆਖਹਿ[8] ਵੇਦ ਪਾਠ ਪੁਰਾਣ ।
ਆਖਹਿ ਪੜੇ ਕਰਹਿ ਵਖਿਆਣ ।
ਆਖਹਿ ਬਰਮੇ ਆਖਹਿ ਇੰਦ ।
ਆਖਹਿ ਗੋਪੀ ਤੈ ਗੋਵਿੰਦ ।
ਆਖਹਿ ਈਸੁਰ ਆਖਹਿ ਸਿਧ ।
ਆਖਹਿ ਕੇਤੇ ਕੀਤੇ ਬੁਧ ।
ਆਖਹਿ ਦਾਨਵ ਆਖਹਿ ਦੇਵ ।
ਆਖਹਿ ਸੁਰਿ ਨਰ ਮੁਨਿ ਜਨ ਸੇਵ[9] ।
ਕੇਤੇ ਆਖਹਿ ਆਖਣਿ ਪਾਹਿ ।
ਕੇਤੇ ਕਹਿ ਕਹਿ [10]ਉਠਿ ਉਠਿ ਜਾਹਿ ।
ਏਤੇ ਕੀਤੇ ਹੋਰਿ ਕਰੇਹਿ ।
ਤਾ ਆਖਿ ਨ ਸਕਹਿ ਕੇਈ ਕੇਇ ।
ਜੇਵਡੁ ਭਾਵੈ ਤੇਵਡੁ ਹੋਇ ।
ਨਾਨਕ ਜਾਣੈ ਸਾਚਾ ਸੋਇ ।
ਜੇ ਕੋ ਆਖੈ [11]ਬੋਲੁ ਵਿਗਾੜੁ ।
ਤਾ ਲਿਖੀਐ ਸਿਰਿ [4]ਗਾਵਾਰਾ ਗਾਵਾਰੁ ॥ ੨੬ ॥

ਅਕਾਲ ਪੁਰਖ ਦੇ ਗੁਣਾ ਦਾ ਮੁੱਲ ਨ ਪਾਇਆ ਜਾਏ
ਲੈਣ ਦੇਣ ਵੀ ਇਹਨਾਂ ਦਾ ਮੁਲੋਂ ਪਰੇ ਰਹਾਇ
ਕਰਨ ਵਪਾਰ ਜੋ ਇਹਨਾ ਦਾ ਉਹਨਾ ਦਾ ਨਹੀ ਮੁੱਲ
ਭਰੇ ਭੰਡਾਰੇ ਜਿਹਨਾਂ ਪਾਸ ਉਹ ਵੀ ਹੈਨ ਅਮੁੱਲ
ਆਉਂਦੇ ਲੈਣ ਜੋ ਇਹਨਾਂ ਨੂੰ ਉਹ ਵੀ ਹੈਨ ਅਮੁੱਲ
ਗੁਣ ਪਿਆਰ ਦਾ ਅਧਕ ਹੈ ਉਸਦਾ ਕੋਈ ਨਾ ਮੁੱਲ
ਸ਼ਰਧਾ ਰਖਣ ਇਸ ਵਿਚ ਉਹ ਵੀ ਹੈਨ ਅਮੁਲ
ਕਰਤੇ ਦਾ ਕਾਨੂੰਨ ਜੋ ਉਸਦਾ ਕੋਈ ਨਾ ਮੁੱਲ
ਜਿਸ ਕਚਹਿਰੀ ਵਰਤਦਾ ਉਹ ਵੀ ਹੈ ਅਮੁੱਲ
ਜਿਸ ਤਕੜੀ ਵਿਚ ਅਮਲ ਤੁਲੀਂਦੇ ਉਸਦਾ ਕੋਈ ਨਾ ਮੁੱਲ
ਵੱਟੇ ਜੋ ਇਨਸਾਫ ਦੇ ਉਹ ਵੀ ਹੈਨ ਅਮੁੱਲ
ਮੇਹਰ ਸੱਚੇ ਕਰਤਾਰ ਦੀ ਉਸਦਾ ਕੋਈ ਨਾ ਮੁੱਲ
ਜਿਹਨਾ ਉਤੇ ਖਾਸ ਹੈ ਹੁੰਦੀ ਉਹ ਵੀ ਹੈਨ ਅਮੁਲ
ਬਖਸ਼ਸ਼ ਸੱਚੇ ਰੱਬ ਦੀ ਉਸਦਾ ਕੋਈ ਨਾ ਮੁਲ
ਹੁਕਮ ਜੋ ਉਸਦਾ ਵਰਤਦਾ ਉਹ ਵੀ ਹੈ ਅਮੁਲ
ਸਭ ਕੁਝ ਉਸਦਾ ਅਮੁਲ ਹੈ ਮੁੱਲ ਨਾ ਸਕਦਾ ਹੋਇ
ਆਖਣ ਵਾਲੇ ਜੇਤੜੇ ਆਖ ਆਖ ਚੁਪ ਹੋਇ
ਵੇਦ ਵੀ ਉਸਨੂੰ ਆਖਦੇ ਨਾਲੇ ਕਹਿਣ ਪਰਾਣ
ਪੰਡਤ ਜਨ ਵੀ ਆਖਦੇ ਪੜ੍ਹ ਕਰਨ ਵਖਿਆਨ
ਕਈ ਬ੍ਰਹਮ ਤੇ ਇੰਦਰ ਵੀ ਉਸਨੂੰ ਰਹੇ ਨੇ ਆਖ
ਗੋਪੀਆਂ ਅਤੇ ਕ੍ਰਿਸ਼ਨ ਵੀ ਉਸਨੂੰ ਰਹੇ ਨੇ ਭਾਖ
ਸ਼ਿਵਜੀ ਅਤੇ ਅਨੇਕ ਸ਼ਿਸ਼ ਉਸਦਾ ਕਰਨ ਅਲਾਪ
ਕਈ ਅਨੇਕਾਂ ਬੁੱਧ ਵੀ ਉਸਦਾ ਕਰਦੇ ਜਾਪ
ਰਾਖਸ਼ ਅਤੇ ਦੇਵਤੇ ਉਹਨੂੰ ਵੱਡਾ ਕਹਿਣ
ਰਿਖੀ ਰਿਖੀਸਰ ਤੇ ਸੇਵਕ ਜਨ ਅੰਤ ਨਾ ਉਸਦਾ ਲੈਣ
ਕਈ ਅਨੇਕਾਂ ਓਸਨੂੰ ਆਖ ਆਖ ਥਕ ਪਾਣ
ਕਈ ਅਨੇਕਾਂ ਆਖ ਆਖ ਕੇ ਏਥੋਂ ਉਠਦੇ ਜਾਣ
ਜਿਨੇ ਜੀਵ ਉਪਾਏ ਉਸ ਹੁਣ ਓਨੇ ਕਰਦੈ ਹੋਰ
ਤਾਂ ਵੀ ਉਸ ਨੂੰ ਆਖ ਨਾ ਸਕਣ ਲਾ ਥਕਣ ਸਭ ਜੋਰ
ਜਿਡਾ ਵੱਡਾ ਚਾਹੇ ਉਹ ਓਨਾ ਸਕਦਾ ਹੋਇ
ਆਪਣੇ ਆਪ ਨੂੰ ਨਾਨਕਾ ਜਾਣੇ ਸੱਚਾ ਸੋਇ
ਜੇ ਕੋਈ ਬੜਬੋਲਾ ਓਸਨੂੰ ਆਖੇ ਨਾਲ ਹੰਕਾਰ
ਮੂਰਖਾਂ ਦੇ ਸਿਰ ਮੂਰਖ ਜਾਣੋ ਪਸੂ ਢੋਰ ਗਵਾਰ ॥ ੨੬ ॥

ਸੋ ਦਰੁ ਕੇਹਾ[1] ਸੋ ਘਰੁ ਕੇਹਾ [2]ਜਿਤੁ ਬਹਿ ਸਰਬ ਸਮਾਲੇ ।
ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ।
ਕੇਤੇ ਰਾਗ ਪਰੀ[3] ਸਿਉ ਕਹੀਅਨਿ ਕੇਤੇ ਗਾਵਣਹਾਰੇ ।
ਗਾਵਹਿ ਤੁਹਨੋ ਪਉਣ ਪਾਣੀ ਬੈਸੰਤਰੁ[4] ਗਾਵੈ ਰਾਜਾ ਧਰਮੁ[5] ਦੁਆਰੇ ।
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ [6]ਧਰਮੁ ਵੀਚਾਰੇ।
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ।
ਗਾਵਹਿ ਇੰਦ ਇੰਦਾਸਣਿ ਬੈਠੇ ਦੇਵਤਿਆ ਦਰਿ ਨਾਲੇ ।
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ।
ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ[7] ।
ਗਾਵਨਿ ਪੰਡਿਤ ਪੜਨਿ ਰਖੀਸਰ[8] ਜੁਗੁ ਜੁਗੁ ਵੇਦਾ ਨਾਲੇ ।
ਗਾਵਹਿ ਮੋਹਣੀਆ ਮਨੁ ਮੋਹਨਿ [9]ਸੁਰਗਾ ਮਛ ਪਇਆਲੇ ।
ਗਾਵਨਿ ਰਤਨ ਉਪਾਏ ਤੇਰੇ ਅਠਸਠਿ[10] ਤੀਰਥ ਨਾਲੇ ।
ਗਾਵਹਿ ਜੋਧ ਮਹਾਬਲ ਸੂਰਾ ਗਾਵਹਿ [11]ਖਾਣੀ ਚਾਰੇ ।
ਗਾਵਹਿ ਖੰਡ ਮੰਡਲ ਵਰਭੰਡਾ[12] ਕਰਿ ਕਰਿ ਰਖੇ ਧਾਰੇ ।
ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ[13] ।
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ।
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ[14] ।
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ।
ਰੰਗੀ ਰੰਗੀ ਭਾਤੀ[15] ਕਰਿ ਕਰਿ ਜਿਨਸੀ[16] ਮਾਇਆ ਜਿਨਿ ਉਪਾਈ ।
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ।
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ।
ਸੋ ਪਾਤਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥ ੨੭ ॥

ਕੇਡਾ ਸਹਣਾ ਪ੍ਰਭੂ ਜੀ ਹੋਊ ਤੇਰਾ ਘਰ ਬਾਰ
ਜਿਥੇ ਬਹਿ ਕੇ ਸਰਬ ਜੀਆਂ ਦੀ ਕਰਦਾ ਹੈ ਪ੍ਰਤਿਪਾਲ
ਕਈ ਅਨੇਕਾਂ ਵਾਜੇ ਵਜਦੇ ਹਰਿ ਜੀ ਤੇਰੇ ਦਵਾਰ
ਕਿੰਨੇ ਇਨ੍ਹਾਂ ਵਜਾਵਣ ਵਾਲੇ ਹੋ ਨਾ ਸਕੇ ਸ਼ਮਾਰ
ਰਾਗ ਤੇ ਰਾਗਣੀਆਂ ਸਭ ਮਿਲਕੇ ਤੈਨੂੰ ਰਹੇ ਉਚਾਰ
ਕਿੰਨੇ ਇਨ੍ਹਾਂ ਨੂੰ ਗਾਵਣ ਵਾਲੇ ਆਏ ਨਾ ਕੋਈ ਪਾਰ
ਪੌਣ ਪਾਣੀ ਤੇ ਅਗਨੀ ਮਿਲਕੇ ਤੈਨੂੰ ਰਹੇ ਧਿਆਇ
ਧਰਮ ਰਾਜ ਵੀ ਦਰ ਤੇਰੇ 'ਤੇ ਰਿਹਾ ਹੈ ਤੈਨੂੰ ਗਾਇ
ਅਮਲ ਬੰਦੇ ਦੇ ਲਿਖਣ ਵਾਲੇ ਚਿਤਰ ਗੁਪਤ ਦੋ ਜਾਣ
ਜਿੰਨਾ ਦਾ ਲਿਖਿਆ ਧਰਮ ਵਿਚਾਰੇ ਉਹ ਵੀ ਤੈਨੂੰ ਧਿਆਨ
ਸ਼ਿਵਜੀ ਬ੍ਰਹਮਾ ਦੇਵੀ ਰਲ ਕੇ ਰਹੇ ਨੇ ਤੈਨੂੰ ਧਿਆ
ਇਨ੍ਹਾਂ ਤਾਈਂ ਸਵਾਰਿਆ ਤੂੰ ਨੇ ਰਹੇ ਨੇ ਸੋਭਾ ਪਾ
ਬਹਿ ਕੇ ਇੰਦਰ ਸਿੰਘਾਸਨ ਉਤੇ ਦੇਵਤਿਆਂ ਦੇ ਨਾਲ
ਤੇਰੇ ਜੱਸ ਨੂੰ ਗਾ ਰਹੇ ਨੇ ਕਰਕੇ ਸਿਫਤ ਕਮਾਲ
ਗਾਵਣ ਸਿਧ ਸਮਾਧੀ ਲਾ ਕੇ ਹੋਕੇ ਅੰਤਰ ਧਿਆਨ
ਸਾਧੂ ਸੰਤ ਵੀ ਤੈਨੂੰ ਗਾਉਂਦੇ ਪਾਕੇ ਨਿਰਮਲ ਗਿਆਨ
ਜਤੀ ਸਤੀ ਸੰਤੋਖੀ ਗਾਉਂਦੇ ਗਾਉਣ ਬੀਰ ਬਲਵਾਨ
ਵੇਦਾਂ ਦੇ ਨਾਲ ਰਲਕੇ ਗਾਉਂਦੇ ਪੰਡਤ ਤੇ ਵਿਦਵਾਨ
ਸਵਰਗ ਲੋਕ ਔਰ ਮਾਤ ਲੋਕ ਪਤਾਲ ਲੋਕ ਦੀਆਂ ਪੁਰੀਆਂ
ਹੱਥ ਬੰਨ੍ਹ ਕੇ ਗਾਵਣ ਤੈਨੂੰ ਦਰ ਤੇਰੇ ਤੇ ਖੜੀਆਂ
ਚੌਦਾਂ ਰਤਨ ਉਪਾਏ ਜਿਹੜੇ ਹੋਕੇ ਇਕ ਜ਼ੁਬਾਨ
ਸਣੇ ਅਠਾਹਠ ਤੀਰਥ ਸਾਰੇ ਉਪਮਾ ਕਰਨ ਮਹਾਨ
ਗਾ ਰਹੇ ਤੈਨੂੰ ਹੇ ਪ੍ਰਭੂ ਜੀ ਵਡ ਯੋਧੇ ਬਲਕਾਰ ਸਾਰੀ ਸ੍ਰਿਸ਼ਟੀ ਗਾਵੇ ਤੈਨੂੰ ਜੇਤੀਆ ਖਾਣੀ ਚਾਰ
ਛੋਟੇ ਵੱਡੇ ਸਾਰੇ ਖੰਡ ਮੰਡਲ ਸਾਜੇ ਤੂੰ ਕਰਤਾਰ ਤੇਰੀ ਉਪਮਾ ਕਰ ਰਹੇ ਨੇ ਹੇ ਮੇਰੇ ਦਾਤਾਰ
ਜਿਹੜੇ ਚੰਗੇ ਤੈਨੂੰ ਲਗਦੇ ਸੋਈ ਤੈਨੂੰ ਧਿਆਣ
ਭਗਤ ਤੇਰੇ ਵਿਚ ਭਗਤੀ ਲਗੇ ਜਪਦੇ ਤੇਰਾ ਨਾਮ
ਹੋਰ ਅਨੇਕਾਂ ਤੈਨੂੰ ਗਾਉਂਦੇ ਆਉਣ ਨਾ ਵਿਚ ਸ਼ਮਾਰ
ਯਾਦ ਨਾ ਆਵਣ ਨਾਨਕਾ ਹੋ ਨਾ ਸਕੇ ਵਿਚਾਰ
ਨਾਉਂ ਸਚਾ ਹੈ ਉਸਦਾ ਜੋ ਸਦਾ ਹੈ ਰਹਿਣੇ ਹਾਰ
ਰਚਣਾ ਸਭ ਰਚਾਈ ਜਿਸਨੇ ਉਹ ਹੈ ਭੀ ਹੋਵਣਹਾਰ
ਭਾਂਤ ਭਾਂਤ ਦੀ ਸ੍ਰਿਸ਼ਟੀ ਰਚਕੇ ਮਾਇਆ ਖੇਲ ਵਿਖਾਵੇ
ਆਪਣਾ ਕੀਤਾ ਆਪੇ ਵੇਖੇ ਜਿਵੇਂ ਉਸਨੂੰ ਭਾਵੇ
ਉਹੋ ਕੰਮ ਕਰੇਗਾ ਕਰਤਾ ਜਿਹੜਾ ਉਸਨੂੰ ਭਾਇ
ਉਸਦੇ ਉਤੇ ਕਦੇ ਵੀ ਕੋਈ ਹੁਕਮ ਨਹੀਂ ਕਰ ਪਾਇ
ਪਾਤਸ਼ਾਹਾਂ ਦਾ ਪਾਤਸ਼ਾਹ ਉਹ ਸੱਚਾ ਆਪ ਕਹਾਵੇ
ਰਹਿਣਾ ਵਿਚ ਰਜ਼ਾ ਦੇ ਨਾਨਕ ਅਸਾਂ ਤਾਈਂ ਬਣ ਆਵੇ ॥ ੨੭ ॥

ਮੁੰਦਾ ਸੰਤੋਖੁ ਸਰਮੁ[1] ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ।
ਖਿੰਥਾ[2] ਕਾਲੁ [3]ਕੁਆਰੀ ਕਾਇਆ ਜੁਗਤਿ[4] ਡੰਡਾ ਪਰਤੀਤਿ[5] ।
[6]ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ।
ਆਦੇਸੁ ਤਿਸੈ ਆਦੇਸੁ ।
ਆਦਿ ਅਨੀਲੁ[7] ਅਨਾਦਿ ਅਨਾਹਿਤ[9] ਜੁਗੁ ਜੁਗੁ ਏਕੋ ਵੇਸੁ ।। ੨੮ ।।

ਉੱਦਮ ਦੀ ਕਰ ਝੋਲੀ ਜੋਗੀ ਸੰਤੋਖ ਦੀਆਂ ਮੁੰਦਰਾਂ ਪਾ
ਮਿਹਨਤ ਦਾ ਕਰ ਖੱਪਰ ਜੋਗੀ ਧਿਆਨ ਬਿਭੂਤ ਰੁਮਾ
ਕਾਇਆ ਸਮਝ ਕੰਵਾਰੀ ਲੜਕੀ ਮੌਤ ਦਾ ਚੋਲਾ ਪਾ
ਜੁਗਤੀ ਦਾ ਹੱਥ ਡੰਡਾ ਫੜ ਲੈ ਚਿੱਤ ਯਕੀਨ ਰਖਾ
ਆਈ ਪੰਥ ਇਹੋ ਹੈ ਤੇਰਾ ਸਭ ਨੂੰ ਸਮਝ ਭਰਾ
ਜਿਤ ਲਈਏ ਜੇ ਮਨ ਨੂੰ ਜੋਗੀ ਸਭ ਜੱਗ ਜਿੱਤਿਆ ਜਾ
ਓਸੇ ਨੂੰ ਪਰਨਾਮ ਜੋਗੀ ਓਸੇ ਕਰ ਆਦੇਸ
ਆਦਿ ਅੰਤ ਨਾ ਜਿਸਦਾ ਕੋਈ ਸਦਾ ਹੈ ਏਕੋ ਵੇਸ ॥ ੨੮ ॥

ਭੁਗਤਿ[1] ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ।
ਆਪਿ ਨਾਥੁ ਨਾਥੀ[2] ਸਭ ਜਾ ਕੀ ਰਿਧਿ ਸਿਧਿ ਅਵਰਾ[3] ਸਾਦ ।
ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ।
ਆਦੇਸੁ ਤਿਸੈ ਆਦੇਸੁ ।
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੨੯ ॥

ਗਿਆਨ ਦਾ ਕਰ ਭੋਜਨ ਜੋਗੀ ਦਇਆ ਨੂੰ ਡਾਹ ਵਰਤਾਣ
ਦਿਲ ਦਿਲ ਵਿਚ ਆਵਾਜ਼ ਅਗੰਮੀ ਸਿੰਙੀ ਵਜਦੇ ਜਾਣ
ਨਾਥਾਂ ਦਾ ਉਹ ਨਾਥ ਹੈ ਜੋਗੀ ਜਿਸ ਨਥਿਆ ਸਭ ਜਹਾਨ
ਰਿਧੀਆਂ ਸਿਧਿਆਂ ਤੇ ਕਰਾਮਾਤਾਂ ਸਭੇ ਵਾਧੂ ਜਾਣ
ਮੇਲ ਵਿਛੋੜਾ ਇਸ ਦੁਨੀਆਂ ਦੀ ਸਦਾ ਚਲਾਵਣ ਕਾਰ
ਮਿਲਦਾ ਜੋ ਕੁਝ ਕਿਸੇ ਨੂੰ ਉਹ ਦਿਹਨਾ ਦੇ ਅਨੁਸਾਰ
ਓਸੇ ਨੂੰ ਪਰਨਾਮ ਜੋਗੀ ਓਸੇ ਕਰ ਆਦੇਸ
ਆਦਿ ਅੰਤ ਨਾ ਜਿਸਦਾ ਕੋਈ ਸਦਾ ਹੈ ਏਕੋ ਵੇਸ ॥ ੨੯ ॥

ਏਕਾ [1]ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ[2]।
[3]ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ।
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ।
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ[4]।
ਆਦੇਸੁ ਤਿਸੈ ਆਦੇਸੁ।
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੩੦ ॥

ਇਕ ਮਾਇਆ ਤੋਂ ਜੁਗਤ ਨਾਲ ਤਿੰਨ ਪੁੱਤਰ ਹੋਏ ਜਾਣ
ਬ੍ਰਹਮਾਂ ਵਿਸ਼ਨੂੰ ਤੇ ਸ਼ਿਵ ਕਰਕੇ ਨਾਮ ਹੋਏ ਪਰਵਾਨ
ਇਸ ਦੁਨੀਆਂ ਦੇ ਬੰਦਿਆਂ ਨਾਲੋਂ ਮੰਨੇ ਜਾਣ ਪਰਧਾਨ
ਇਕ ਬਨਾਉਂਦਾ ਦੂਆ ਵਸਾਉਂਦਾ ਤੀਜਾ ਢਾਉਂਦਾ ਜਾਣ
ਸਭਨਾ ਉਤੇ ਓਸ ਰੱਬ ਦਾ ਹੁਕਮ ਆਪਣਾ ਹੋਇ
ਜਿਓਂ ਜਿਓਂ ਉਹ ਚਲਾਉਂਦਾ ਤਿਓਂ ਚਲੇ ਸਭ ਕੋਇ
ਸਭਨਾ ਨੂੰ ਓਹ ਵੇਖਦਾ ਆਪੋ ਨਜ਼ਰ ਨਾ ਆਇ
ਬਹੁਤਾ ਇਹੋ ਅਚਰਜ ਹੈ ਭੇਦ ਨਾ ਲਖਿਆ ਜਾਇ
ਓਸੇ ਨੂੰ ਪਰਨਾਮ ਕਰ ਓਸੇ ਕਰ ਆਦੇਸ
ਆਦਿ ਅੰਤ ਨਾ ਜਿਸਦਾ ਕੋਇ ਸਦਾ ਹੈ ਏਕੋ ਵੇਸ ॥ ੩੦ ॥

ਆਸਣੁ ਲੋਇ ਲੋਇ ਭੰਡਾਰ ।
ਜੋ ਕਿਛੁ ਪਾਇਆ ਸੁ ਏਕਾ ਵਾਰ ।
ਕਰਿ ਕਰਿ ਵੇਖੈ ਸਿਰਜਣਹਾਰੁ ।
ਨਾਨਕ ਸਚੇ ਕੀ ਸਾਚੀ ਕਾਰ ।
ਆਦੇਸੁ ਤਿਸੈ ਆਦੇਸੁ ।
ਆਦਿ ਅਨੀਲ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੩੧ ॥

ਸਭ ਲੋਕਾਂ ਵਿਚ ਨਰੰਕਾਰ ਬੈਠਾ ਆਸਣ ਲਾਇ
ਨਾਲ ਨਾਲ ਹੀ ਓਸ ਨੇ ਲਏ ਭੰਡਾਰ ਰਚਾਇ
ਉਹਨਾਂ ਵਿਚ ਭੰਡਾਰਿਆਂ ਵਸਤ ਲਈ ਜੋ ਪਾਇ
ਇਕੋ ਵਾਰੀ ਪਾ ਦਿੱਤੀ ਮੁੜ ਕੇ ਥੋੜ ਨਾ ਆਇ
ਆਪਣੇ ਕੀਤੇ ਕੰਮਾਂ ਨੂੰ ਆਪੇ ਦੇਖਣ ਹਾਰ
ਉਹ ਆਪ ਸੱਚਾ ਹੈ ਨਾਨਕਾ ਸਚੀ ਉਸਦੀ ਕਾਰ
ਓਸੇ ਨੂੰ ਪਰਨਾਮ ਕਰ ਓਸੇ ਕਰ ਆਦੇਸ
ਆਦਿ ਅੰਤ ਨਾ ਜਿਸਦਾ ਕੋਇ ਸਦਾ ਹੈ ਏਕੋ ਵੇਸੁ ॥ ੩੧ ॥

ਇਕਦੂ ਜੀਭੌ[1] ਲਖ ਹੋਹਿ ਲਖ ਹੋਵਹਿ ਲਖ ਵੀਸ ।
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ।
ਏਤੁ ਰਾਹਿ [2]ਪਤਿ ਪਵੜੀਆ ਚੜੀਐ ਹੋਇ ਇਕੀਸ[3] ।
ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ।
ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ[4] ।। ੩੨ ।।

ਇਕ ਜੀਭ ਦੀ ਥਾਂ ਤੇ ਲੱਖ ਜੀਭਾਂ ਹੋ ਜਾਣ
ਇਸ ਤੋਂ ਅੱਗੇ ਹੋਰ ਵੀ ਵੀਹ ਲੱਖ ਹੋ ਜਾਣ
ਇਕ ਇਕ ਜੀਭੋਂ ਲੱਖ ਲੱਖ ਗੇੜਾ ਦਈਏ ਆਣ
ਏਦਾਂ ਹੇ ਜਗਦੀਸ ਜੀ ਜਪੀਏ ਤੇਰਾ ਨਾਮ
ਦਰਸ ਤੇਰੇ ਲਈ ਪ੍ਰੀਤਮਾ ਇਹ ਰਸਤਾ ਹੈ ਸਾਫ
ਪਉੜੀ ਪਉੜੀ ਚੜ੍ਹਦਿਆਂ ਜਾਈਏ ਤੇਰੇ ਪਾਸ
ਸੁਣਕੇ ਗੱਲਾਂ ਉਚੀਆਂ ਨੀਵੀਆਂ ਉਪਜਿਆ ਚਾਅ
ਜਿਸ ਤੇ ਨਜ਼ਰ ਸਵੱਲੀ ਨਾਨਕ ਮਿਲੂਗਾ ਉਸਨੂੰ ਆ
ਹੋਰ ਝੂਠੇ ਸਭ ਝੂਠ ਕਮਾਉਂਦੇ ਝੂਠ ਉਨ੍ਹਾਂ ਦੀ ਕਾਰ
ਝੂਠੀਆਂ ਗੱਪਾਂ ਹਾਂਕ ਹਾਂਕ ਕੇ ਝੂਠੇ ਲੈਣ ਡਕਾਰ ॥ ੩੨॥

ਆਖਣਿ ਜੋਰੁ ਚੁਪੈ ਨਹ ਜੋਰੁ[1] ।
ਜੋਰੁ ਨ ਮੰਗਣਿ ਦੇਣਿ ਨ ਜੋਰੁ ।
ਜੋਰੁ ਨ ਜੀਵਣਿ ਮਰਣਿ ਨਹ ਜੋਰੁ ।
ਜੋਰੁ ਨ ਰਾਜਿ ਮਾਲਿ ਮਨਿ ਸੋਰੁ[2] ।
ਜੋਰੁ ਨ ਸੁਰਤੀ[3] ਗਿਆਨਿ ਵੀਚਾਰਿ ।
ਜੋਰੁ ਨ ਜੁਗਤੀ[4] ਛੁਟੈ[5] ਸੰਸਾਰੁ ।
ਜਿਸੁ ਹੱਥ ਜੋਰੁ ਕਰਿ ਵੇਖੈ ਸੋਇ ।
ਨਾਨਕ ਉਤਮੁ ਨੀਚੁ ਨ ਕੋਇ ॥ ੩੩ ।

ਸ਼ਕਤ ਆਪਣੀ ਉੱਤੇ ਬੰਦਾ ਐਨੇ ਮਾਣ ਰਖਾਇ
ਉਸ ਕਰਤੇ ਦੀ ਸ਼ਕਤੀ ਬਾਝੋਂ ਗੱਲ ਨਾ ਮੂੰਹੋ ਆਇ
ਜ਼ੋਰ ਨਾਲ ਜੇ ਚੁੱਪ ਕਰੇ ਚੁੱਪ ਨਾ ਕੀਤਾ ਜਾਇ
ਵੱਸ ਨਾ ਚਲਦਾ ਕਿਸੇ ਦਾ ਕਿਨਾ ਜ਼ੋਰ ਲਗਾਇ
ਜ਼ੋਰ ਨਾਲ ਨਾ ਓਸ ਤੋਂ ਕੁਝ ਵੀ ਮੰਗਿਆ ਜਾਇ
ਦੇਣਾ ਚਾਹੇ ਜੇ ਕਿਸੇ ਨੂੰ ਦਿੱਤਾ ਵੀ ਨਹੀਂ ਜਾਇ
ਜੀਊਣਾ ਮਰਨਾ ਕਦੋ ਵੀ ਹੱਥ ਕਿਸੇ ਦੇ ਨਾਹਿ
ਆਪਣਾ ਕੀਤਾ ਕਿਛੁ ਨਾ ਹੋਵੇ ਵੇਖ ਲਵੋ ਅਜ਼ਮਾਇ
ਰਾਜ ਮਾਲ ਧਨ ਜ਼ੋਰ ਨਾਲ ਕਦੇ ਨਾ ਪਾਇਆ ਜਾਇ
ਝੂਠਾ ਮਨ ਦਾ ਜ਼ੋਰ ਹੈ ਪ੍ਰਾਣੀ ਨੂੰ ਕਲਪਾਇ
ਅਕਲ ਗਿਆਨ ਵਿਚਾਰ ਜ਼ੋਰ ਨਾਲ ਨਾ ਆਇ
ਜੇ ਕੋਈ ਚਾਹੇ ਪਾਵਣਾ ਕਦੀ ਨਾ ਸਕਦਾ ਪਾਇ
ਬੰਦ ਖਲਾਸੀ ਪਾਉਣ ਲਈ ਜੁਗਤ ਕੋਈ ਨਾ ਆਇ
ਐਵੇਂ ਹੀ ਸੰਸਾਰ ਇਹ ਅਪਣਾ ਜ਼ੋਰ ਵਖਾਇ
ਜਿਸ ਦੇ ਹੱਥ ਵਿਚ ਜ਼ੋਰ ਹੈ ਸੋਈ ਰਿਹਾ ਵਖਾਇ
ਉਚਾ ਨੀਵਾਂ ਨਾਨਕਾ ਕੋਈ ਨਜ਼ਰ ਨਾ ਆਇ ॥ ੩੩ ॥

ਰਾਤੀ[1] ਰੁਤੀ ਥਿਤੀ ਵਾਰ ।
ਪਵਣ ਪਾਣੀ ਅਗਨੀ ਪਾਤਾਲ ।
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ।
ਤਿਸੁ ਵਿਚਿ ਜੀਅ ਜੁਗਤਿ[2] ਕੇ ਰੰਗ ।
ਤਿਨ ਕੇ ਨਾਮ ਅਨੇਕ ਅਨੰਤ ।
ਕਰਮੀ ਕਰਮੀ [3]ਹੋਇ ਵੀਚਾਰੁ ।
ਸਚਾ ਆਪਿ ਸਚਾ ਦਰਬਾਰੁ ।
ਤਿਥੈ ਸੋਹਨਿ [4]ਪੰਚ ਪਰਵਾਣੁ ।
[5]ਨਦਰੀ ਕਰਮਿ ਪਵੈ ਨੀਸਾਣੁ ।
ਕਚ ਪਕਾਈ[6] ਓਥੈ ਪਾਇ ।
ਨਾਨਕ [16]ਗਇਆ ਜਾਪੈ ਜਾਇ ॥ ੩੪ ॥

ਰਾਤਾਂ ਰੁਤਾਂ ਤਿਥਾਂ ਰਚੀਆਂ ਰਚੇ ਗਏ ਨੇ ਵਾਰ
ਪੌਣ ਪਾਣੀ ਤੇ ਅੱਗ ਦਾ ਕੀਤਾ ਗਿਆ ਪਸਾਰ
ਰਚਿਆ ਗਿਆ ਪਤਾਲ ਵੀ ਹੁਕਮ ਨਾਲ ਕਰਤਾਰ
ਧਰਤੀ ਥਾਪੀ ਓਸ ਨੇ ਏਹਨਾਂ ਦੇ ਵਿਚਕਾਰ
ਫਰਜ਼ ਨਿਭਾਵਣ ਖਾਤਰ ਏਥੇ ਆਏ ਜੀਅ ਅਨੇਕ
ਵਖੋ ਵਖਰੇ ਰੂਪ ਉਹਨਾਂ ਦੇ ਵਖੋ ਵਖਰੇ ਵੇਸ
ਗਿਣੇ ਨਾ ਜਾਵਣ ਨਾਉਂ ਇਹਨਾਂ ਦੇ ਗਿਣਤੀ ਵਿਚ ਅਪਾਰ
ਜਾਵੇ ਪਦਮਾਂ ਸੰਖਾਂ ਤੋੜੀ ਕਰ ਵੇਖੋ ਵਿਚਾਰ
ਜੇਹੋ ਜਿਹੇ ਕਰਮ ਕੋਈ ਕਰੇ ਵਿਚ ਸੰਸਾਰ
ਉਹੋ ਜਿਹਾ ਓਸ ਨੂੰ ਦੇਵੇ ਫਲ ਕਰਤਾਰ
ਦਰ ਸਚਾ ਹੈ ਓਸਦਾ ਸੱਚਾ ਆਪ ਅਕਾਲ
ਰੂਰਿਆਇਤ ਨਾ ਕਿਸੇ ਦੀ ਕਰਦਾ ਰਤੀ ਰਵਾਲ
ਸਾਹਿਬ ਦੇ ਦਰਬਾਰ ਵਿਚ ਚੰਗੇ ਸਦਾ ਸੁਹਾਣ
ਨੇਕੀ ਦਾ ਬੀ ਬੀਜ ਕੇ ਹੋਏ ਨੇ ਪਰਵਾਨ
ਕਿਰਪਾ ਦ੍ਰਿਸ਼ਟੀ ਓਸਦੀ ਹੁੰਦੀ ਜਿਸ ਤੇ ਆਣ
ਉਹਦੇ ਉਤੇ ਸਚ ਦਾ ਪਾਇਆ ਜਾਏ ਨਿਸ਼ਾਨ
ਊਰੇ ਪੂਰੇ ਪੁਰਸ਼ ਦੀ ਉਥੇ ਪਰਖ ਹੋ ਜਾਇ
ਪਰ ਏਸ ਗਲ ਨੂੰ ਨਾਨਕਾ ਅਗੇ ਜਾਣਿਆ ਜਾਇ ॥ ੩੪ ॥

ਧਰਮ ਖੰਡ ਕਾ ਏਹੋ ਧਰਮੁ[1] ।
ਗਿਆਨ ਖੰਡ ਕਾ ਆਖਹੁ ਕਰਮੁ[2] ।
ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ।
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ।
ਕੇਤੀਆ ਕਰਮ ਭੂਮੀ ਮੇਰ[3] ਕੇਤੇ ਕੇਤੇ ਧੂ ਉਪਦੇਸ ।
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ।
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ।
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ।
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ [4]ਪਾਤ ਨਰਿੰਦ ।
ਕੇਤੀਆ ਸੁਰਤੀ[5] ਸੇਵਕ ਕੇਤੇ ਨਾਨਕ ਅੰਤ ਨ ਅੰਤੁ ॥੩੫॥

ਧਰਮ ਖੰਡ ਦਾ ਨੇਮ ਜੋ ਕਰ ਦਿੱਤਾ ਹੈ ਬਿਆਨ
ਗਿਆਨ ਖੰਡ ਦੀ ਕਥਾ ਨੂੰ ਦਸਾਂ ਕਰ ਵਖਿਆਨ
ਇਸ ਅਵਸਥਾ ਵਿਚ ਜਦੋਂ ਪਹੁੰਚ ਜਾਏ ਇਨਸਾਨ
ਰਚਨਾ ਉਸ ਕਰਤਾਰ ਦੀ ਵੇਖੇ ਹੋਏ ਹੈਰਾਨ
ਪਵਨ ਪਾਣੀ ਅਰ ਤੱਤ ਅੱਗ ਦੇ ਦਿੱਸਣ ਬੇਸ਼ਮਾਰ
ਕਿਸ਼ਨ ਤੇ ਸ਼ਿਵਜੀ ਲੱਖਾਂ ਉਥੇ ਦੇ ਰਹੇ ਦਰਸਾਰ
ਅੱਨਕ ਬ੍ਰਹਮੇ ਘਾੜਤ ਘੜ ਰਹੇ ਨਜ਼ਰੀਂ ਉਥੇ ਆਉਣ
ਰੰਗ ਰੰਗ ਦੀ ਰਚਨਾ ਘੜ ਕੇ ਬਣਤਾਂ ਪਏ ਬਣਾਉਣ
ਕਰਮਾ ਨੂੰ ਭੁਗਤਾਉਣ ਲਈ ਧਰਤੀਆਂ ਦਿਸਣ ਢੇਰ
ਇਹਨਾਂ ਬਹੁਤੀਆਂ ਧਰਤੀਆਂ ਉਤੇ ਭਾਸਣ ਕਈ ਸੁਮੇਰ
ਪਾ ਰਹੇ ਸਿਖਿਆ ਗੁਰੂ ਤੋਂ ਜਾਪਣ ਧ੍ਰੂ ਅਨੇਕ
ਕਈ ਅਨੇਕਾਂ ਨਾਰਦ ਉਥੇ ਦੇ ਰਹੇ ਉਪਦੇਸ਼
ਅਸੰਖਾਂ ਹੀ ਇੰਦਰ ਉਥੇ ਹੁਕਮ 'ਚ ਕਰ ਰਹੇ ਕਾਰ
ਲੀਲਾ ਓਥੇ ਬੇਅੰਤ ਦੀ ਗੁਰਸਿਖ ਲਏ ਨਿਹਾਰ
ਚੰਦਾਂ ਦਾ ਵੀ ਅੰਤ ਨਾ ਆਵੇ ਸੂਰਜ ਬੇ-ਸ਼ੁਮਾਰ
ਅਨਕ ਧਰਤੀਆਂ ਉਤੇ ਆਪਣਾ ਕਰ ਰਹੇ ਚਮਕਾਰ
ਸਿਧ ਬੁੱਧ ਅਰ ਨਾਥ ਘਨੇਰੇ ਨਜ਼ਰੀਂ ਉਥੇ ਆਉਣ
ਅਣਕ ਦੇਵੀਆਂ ਉਥੇ ਅਪਣੇ ਸੁੰਦਰ ਰੂਪ ਵਖਾਉਣ
ਦੇਵ ਤੇ ਰਾਖਸ਼ ਅਰ ਮੁਨੀਆਂ ਦੀ ਗਿਣਤੀ ਸਕੇ ਨਾ ਹੋਇ
ਰਤਨਾ ਅਤੇ ਸਮੁੰਦਰਾਂ ਦਾ ਵੀ ਅੰਤ ਨਾ ਆਵੇ ਕੋਇ
ਖਾਣੀਆਂ ਦਾ ਕੋਈ ਅੰਤ ਨਾ ਆਵੇ ਬਾਣੀਆਂ ਬੇਸ਼ੁਮਾਰ
ਰਾਜੇ ਤੇ ਮਹਰਾਜੇ ਉਥੇ ਨਾਲੇ ਰਾਜਕੁਮਾਰ
ਵੇਦਾਂ ਦਾ ਕੋਈ ਅੰਤ ਨਾ ਆਵੇ ਸੇਵਕ ਬਹੁਤ ਬੇਅੰਤ
ਪੂਜਾ ਕਰ ਰਹੇ ਨਾਨਕਾ ਆਵੇ ਨਾਹੀਂ ਅੰਤ ॥ ੩੫ ॥

ਗਿਆਨ ਖੰਡ ਮਹਿ ਗਿਆਨੁ ਪਰਚੰਡੁ[1] ।
ਤਿਥੈ ਨਾਦ ਬਿਨੋਦ ਕੋਡ[2] ਅਨੰਦੁ ।
ਸਰਮ[3] ਖੰਡ ਕੀ ਬਾਣੀ ਰੂਪੁ ।
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ।
[4]ਤਾ ਕੀਆ ਗਲਾ ਕਥੀਆ ਨਾ ਜਾਹਿ ।
ਜੇ ਕੋ ਕਹੈ ਪਿਛੈ ਪਛੁਤਾਇ ।
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ।
ਤਿਥੈ ਘੜੀਐ[5] ਸੁਰਾ ਸਿਧਾ ਕੀ ਸੁਧਿ ॥ ੩੬ ॥

ਗਿਆਨ ਖੰਡ ਵਿਚ ਗਿਆਨ ਦਾ ਹੁੰਦਾ ਹੈ ਉਜਿਆਰ
ਖੁਸ਼ੀਆਂ ਤੇ ਆਨੰਦਾਂ ਦਾ ਕੋਈ ਓਥੇ ਆਏ ਨਾ ਪਾਰ
ਉਸ ਕਰਤੇ ਦੀ ਅਦਭੁਤ ਰਚਨਾ ਕੌਤਕ ਬੇ ਸ਼ੁਮਾਰ
ਗੁਰ ਸਿਖ ਆਨੰਦ ਮਾਣਦਾ ਲੀਲਾ ਵੇਖ ਅਪਾਰ
ਇਸ ਤੋਂ ਅਗੇ ਗਿਆਨਵਾਨ ਪਾਵੇ ਜੋ ਅਸਥਾਨ
ਸੰਤ ਜਨਾਂ ਨੇ ਸਰਮਖੰਡ ਧਰਿਆ ਉਸਦਾ ਨਾਮ
ਸ਼ਰਮੀਲਾ ਤੇ ਮਿਠ ਬੋਲੜਾ ਜਗਿਆਸੂ ਹੋ ਜਾਇ
ਏਥੇ ਆਚਰਨ ਪੁਰਸ਼ ਦਾ ਚੰਗਾ ਘੜਿਆ ਜਾਇ
ਏਸ ਖੰਡ ਦੀ ਕਥਾ ਨੂੰ ਕਹਿ ਨ ਸਕੇ ਜ਼ੁਬਾਨ
ਜਿਹੜੇ ਕਹਿੰਦੇ ਏਸਨੂੰ ਉਹ ਪਿਛੋਂ ਪਛਤਾਨ
ਸੁਰਤ ਮਤ ਮਨ ਬੁੱਧ ਦਾ ਇਥੇ ਹੋਏ ਸੰਸਾਰ
ਏਸ ਖੰਡ ਵਿਚ ਮਹਾਂ ਪੁਰਖਾਂ ਦੇ ਸੋਧੇ ਜਾਣ ਵਿਚਾਰ ॥ ੩੬ ॥

ਕਰਮ[1] ਖੰਡ ਕੀ ਬਾਣੀ ਜੋਰ ।
ਤਿਥੈ ਹੋਰੁ ਨ ਕੋਈ ਹੋਰੁ ।
[2]ਤਿਥੈ ਜੋਧ ਮਹਾਬਲ ਸੂਰ ।
ਤਿਨ ਮਹਿ ਰਾਮੁ ਰਹਿਆ ਭਰਪੂਰ ।
ਤਿਥੈ [3]ਸੀਤੋ ਸੀਤਾ ਮਹਿਮਾ ਮਾਹਿ ।
ਤਾ ਕੇ ਰੂਪ ਨ ਕਥਨੇ ਜਾਹਿ ।
ਨਾ ਓਹਿ ਮਰਹਿ ਨ ਠਾਗੇ ਜਾਹਿ ।
ਜਿਨ ਕੈ ਰਾਮੁ ਵਸੈ ਮਨ ਮਾਹਿ ।
ਤਿਥੈ ਭਗਤ ਵਸਹਿ ਕੇ ਲੋਅ[4] ।
ਕਰਹਿ ਅਨੰਦੁ ਸਚਾ ਮਨਿ ਸੋਇ ।
ਸਚ ਖੰਡਿ ਵਸੈ ਨਿਰੰਕਾਰੁ ।
ਕਰਿ ਕਰਿ ਵੇਖੈ ਨਦਰਿ ਨਿਹਾਲ ।
ਤਿਥੈ ਖੰਡ ਮੰਡਲ ਵਰਭੰਡ[5] ।
ਜੇ ਕੋ ਕਥੈ ਤ ਅੰਤ ਨ ਅੰਤ ।
ਤਿਥੈ ਲੋਅ ਲੋਅ ਆਕਾਰ ।
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ।
ਵੇਖੈ ਵਿਗਸੈ[6] ਕਰਿ ਵੀਚਾਰੁ ।
ਨਾਨਕ ਕਥਨਾ [7]ਕਰੜਾ ਸਾਰੁ ॥ ੩੭ ॥

ਸਰਮ ਖੰਡ ਤੋਂ ਅਗਲੀ ਹਾਲਤ ਅਮਲ ਦਾ ਦਰਜਾ ਜਾਣ
ਅਮਲੀ ਜੀਵਨ ਪਾਵਣ ਵਾਲੇ ਪਹੁੰਚਣ ਏਥੇ ਆਣ
ਚੰਗੇ ਕਰਮ ਕਮਾਏ ਕੇ ਪਰਗਟ ਹੁੰਦੇ ਆਣ
ਇਸ ਦਰਜੇ ਤੇ ਪਹੁੰਚ ਕੇ ਹੋ ਜਾਵਣ ਬਲਵਾਨ
ਬਿਨ ਅਮਲਾਂ ਦੇ ਕੋਈ ਨਾ ਏਥੇ ਪਹੁੰਚ ਸਕੇ ਇਨਸਾਨ
ਇਸ ਦਰਜੇ ਤੇ ਖੜਨ ਲਈ ਅਮਲ ਹੈਨ ਪਰਧਾਨ
ਓਥੇ ਵਸਣ ਸੂਰਮੇ ਵਡ ਯੋਧੇ ਬਲ਼ਕਾਰ
ਹਿਰਦੇ ਜਿਹਨਾਂ ਦੇ ਵੱਸ ਰਿਹਾ ਆਪ ਸੱਚਾ ਨਰੰਕਾਰ
ਏਸ ਖ਼ੰਡ ਦੇ ਵਾਸੀਆਂ ਸ਼ਾਂਤ ਰਖੀ ਉਰ ਧਾਰ
ਰੂਪ ਉਹਨਾਂ ਦੇ ਕਹੇ ਨਾ ਜਾਵਨ ਮਹਿਮਾ ਅਪਰ ਅਪਾਰ
ਉਹਨਾਂ ਨੂੰ ਕੋਈ ਮਾਰ ਨਾ ਸਕੇ ਨਾ ਉਹ ਠੱਗੇ ਜਾਣ
ਹਿਰਦੇ ਜਿਹਨਾ ਦੇ ਵਸ ਰਿਹਾ ਆਪ ਸਚਾ ਭਗਵਾਨ
ਕਈਆਂ ਲੋਕਾਂ ਦੇ ਭਗਤ ਜਨ ਉਥੇ ਵਸਣ ਆਣ
ਸਿਮਰਨ ਰਿਦੈ ਅਕਾਲ ਨੂੰ ਕਰਨ ਆਨੰਦ ਮਹਾਨ
ਸਚ ਖੰਡ ਵਿਚ ਵੱਸ ਰਿਹਾ ਆਪ ਸੱਚਾ ਨਰੰਕਾਰ
ਕਿਰਪਾ ਦ੍ਰਿਸ਼ਟੀ ਧਾਰ ਕੇ ਸਭਨਾ ਰਿਹਾ ਨਿਹਾਰ
ਉਥੇ ਬਹੁਤੀਆਂ ਧਰਤੀਆਂ ਖੰਡਤ ਬਹੁਤ ਬੇਅੰਤ
ਜੇ ਕੋਈ ਵਰਨਣ ਕਰਨਾ ਚਾਹੇ ਆਵੇ ਨਾਹੀ ਅੰਤ
ਪਰੇ ਪਰੇਰੇ ਖੰਡਾਂ ਉਤੇ ਦਿਸਣ ਬਹੁਤ ਅਕਾਰ
ਸਭਨਾ ਉਤੇ ਹੁਕਮ ਓਸਦਾ ਵਰਤ ਰਿਹਾ ਇਕ ਸਾਰ
ਜਿਉਂ ਜਿਉਂ ਹੁਕਮ ਉਸਦਾ ਹੋਵੇ ਤਿਉਂ ਤਿਉਂ ਕਰਦੇ ਕਾਰ
ਆਪੋਂ ਕੁਝ ਵੀ ਕਰ ਨਾ ਸਕਣ ਬਿਨਾ ਹੁਕਮ ਕਰਤਾਰ
ਗਿਆਨੀ ਲੀਲਾ ਵੇਖਦਾ ਡੂੰਘੀ ਨਾਲ ਵਿਚਾਰ
ਮਨੋ ਚਿਤੋਂ ਪਰਸੰਨ ਹੋ ਕਰਦਾ ਮੰਗਲਾਚਾਰ
ਜਿਕੁਰ ਹੋਵੇ ਕਿਸੇ ਨੂੰ ਔਖਾ ਭਛਣਾ ਸਾਰ
ਇਸ ਲੀਲਾ ਦਾ ਨਾਨਕਾ ਵਰਨਣ ਤਿਉਂ ਦਸ਼ਵਾਰ ॥ ੩੭ ॥

ਜਤ[1] ਪਾਹਾਰਾ[2] ਧੀਰਜੁ ਸੁਨਿਆਰੁ ।
ਅਹਰਣਿ ਮਤਿ ਵੇਦੁ ਹਥੀਆਰੁ ।
ਭਉ ਖਲਾ[3] ਅਗਨਿ [4]ਤਪ ਤਾਉ ।
ਭਾਂਡਾ[5] ਭਾਉ ਅੰਮ੍ਰਿਤ ਤਿਤੁ ਢਾਲਿ ।
ਘੜੀਐ ਸਬਦੁ ਸਚੀ ਟਕਸਾਲ ।
ਜਿਨ ਕਉ [6]ਨਦਰਿ ਕਰਮੁ ਤਿਨਕਾਰ।
ਨਾਨਕ ਨਦਰੀ ਨਦਰਿ ਨਿਹਾਲ ।। ੩੮ ।।

ਧੀਰਜ ਨੂੰ ਸੁਨਿਆਰਾ ਸਮਝੋ ਜਤ ਪਾਹਾਰਾ ਜਾਣ
ਸ਼ੁਧ ਮਤ ਦੀ ਅਹਿਰਣ ਜਾਣੋ ਗਿਆਨ ਹਥੌੜਾ ਮਾਨ
ਮਨਣਾ ਭਉ ਅਕਾਲ ਦਾ ਖੱਲਾਂ ਲਓ ਬਣਾਏ
ਸਹਿਣੇ ਕਸ਼ਟ ਸਰੀਰ ਤੇ ਅਗਨੀ ਲਓ ਤਪਾਏ
ਭਾਂਡਾ ਕਰ ਸਤਕਾਰ ਦਾ ਅੰਮ੍ਰਤ ਤਿਸ ਵਿਚ ਢਾਲ
ਘੜੋ ਸ਼ਬਦ ਫਿਰ ਗੁਰੂ ਦਾ ਸੱਚ ਦੀ ਕਰ ਟਕਸਾਲ
ਉਹਨਾਂ ਦਾ ਇਹ ਕੰਮ ਹੋਵੇਗਾ ਜਿਨ੍ਹਾਂ ਤੇ ਮਿਹਰ ਅਕਾਲ
ਪਾ ਕੇ ਨਜ਼ਰ ਸਵੱਲੀ ਨਾਨਕ ਹੋ ਜਾਵਣਗੇ ਨਿਹਾਲ ॥ ੩੮ ॥

ਸਲੋਕੁ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ।
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ।
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ।
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧

ਸ਼ਲੋਕ

ਪਵਣ ਗੁਰੂ ਹੈ ਸਬਸ ਦਾ ਪਾਣੀ ਪਿਤਾ ਸਮਾਨ
ਦੇਵੇ ਰਿਜ਼ਕ ਜੋ ਸਭ ਦੇ ਤਾਈਂ ਧਰਤ ਨੂੰ ਮਾਤਾ ਮਾਣ
ਰਾਤ ਸੰਵਾਵੇ ਗੋਦੀ ਸਭ ਨੂੰ ਦਾਈ ਇਸਨੂੰ ਜਾਣ
ਦਿਵਸ ਖਡਾਵੇ ਸਭ ਦੇ ਤਾਈਂ ਦਾਇਆ ਲਉ ਪਛਾਣ
ਬਾਲਕਾਂ ਵਾਂਗੂ ਸਭ ਸੁਖ ਪਾਕੇ ਖੇਡ ਰਿਹਾ ਸੰਸਾਰ
ਖੁਸ਼ੀਆਂ ਤੇ ਅਨੰਦਾਂ ਅੰਦਰ ਹੋਇ ਰਿਹਾ ਸਰਸ਼ਾਰ
ਚੰਗੇ ਮੰਦੇ ਕਰਮ ਜੋ ਕੀਤੇ ਵਿਚ ਸੰਸਾਰ
ਵਾਚੇ ਜਾਣ ਜ਼ਰੂਰ ਉਹ ਤਿਸ ਸੱਚੇ ਦਰਬਾਰ
ਚੰਗੇ ਕਰਮਾਂ ਵਾਲੜੇ ਬਹਿੰਦੇ ਹੋ ਹਜ਼ੂਰ
ਮੰਦੇ ਕਰਮ ਕਮਾਏ ਜਿਹਨਾਂ ਨੇ ਕੋਹਾਂ ਰਹਿੰਦੇ ਦੂਰ
ਮਿਹਨਤ ਸਫਲ ਉਹਨਾਂ ਦੀ ਹੋਈ ਜਿਹਨਾਂ ਨੇ ਸਿਮਰਿਆ ਨਾਮ
ਉਜਲ ਮੁਖ ਉਹਨਾਂ ਦੇ ਨਾਨਕ ਕੀਤਾ ਮੁਕਤ ਜਹਾਨ

ਜਪੁਜੀ

ਸ੍ਰ: ਲਾਲ ਸਿੰਘ
ਡਾਇਰੈਕਟਰ ਭਾਸ਼ਾ ਵਿਭਾਗ
ਪੰਜਾਬ।

ਜਪੁਜੀ ਸਾਹਿਬ ਵਿਚਾਰ-ਪ੍ਰਧਾਨ ਕਾਵਿ ਹੈ। ਪੰਜਾਬੀ ਵਿਚ ਇਸ ਦੀ ਤੁਲਨਾ ਦਾ ਕੋਈ ਹੋਰ ਕਾਵਿ ਨਹੀਂ ਹੈ ਜਿਸ ਵਿਚ ਅਜਿਹੇ ਡੂੰਘੇ ਅਧਿਆਤਮਕ ਵਿਸ਼ੇ ਨੂੰ ਵਿਗਿਆਨਕ ਤੇ ਨਿਰਣਾਜਨਕ ਢੰਗ ਨਾਲ ਨਿਬਾਹਿਆ ਗਿਆ ਹੋਵੇ। 'ਪਰਮ ਸੱਚ ਨਾਲ ਅਭੇਦਤਾ' ਦੇ ਗੁੰਝਲਦਾਰ ਸਵਾਲ ਨੂੰ ਕਮਾਲ ਸੁਚੱਜਤਾ ਨਾਲ ਜਪੁਜੀ ਸਾਹਿਬ ਵਿਚ ਸੁਲਝਾਇਆ ਗਿਆ ਹੈ। ਖੂਬੀ ਇਹ ਹੈ ਕਿ ਇੰਨੇ ਪੀਡੇ ਪ੍ਰਸ਼ਨ ਨੂੰ ਕੇਵਲ 40 ਛੰਦਾਂ ਅਰਥਾਤ 2 ਸਲੋਕਾਂ ਤੇ 38 ਪਉੜੀਆਂ ਜਾਂ ਕੁਲਮ ਕੁਲਾ 4977 ਸ਼ਬਦਾਂ ਰਾਹੀਂ ਬਿਆਨ ਕਰ ਕੇ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਲੀ ਸੰਖੇਪਤਾ ਪ੍ਰਗਟ ਕੀਤੀ ਹੈ। ਮਜ਼ਮੂਨ ਦੇ ਮਨੋਵਿਗਿਆਨਕ ਅਰੰਭ, ਉਸਾਰੀ ਤੇ ਸਮਾਪਤੀ ਨਾਲ ਉਸਾਰੀ ਕਲਾ ਦੀਆਂ ਅਤੇ ਸੋਚ ਉਡਾਰੀ, ਮੂਰਤੀਕਾਰੀ, ਛੰਦਾਂ ਦੀ ਵਭਿੰਨਤਾ ਤੇ ਅਲੰਕਾਰਾਂ ਦੀ ਢੁੱਕਵੀਂ ਵਰਤੋਂ ਨਾਲ ਕਾਵਿ-ਕਲਾ ਦੀਆਂ ਸਿਖਰਾਂ ਨੂੰ ਛੋਹਿਆ ਗਿਆ ਹੈ। ਪੰਜਾਬੀ ਬੋਲੀ ਦੀਆਂ ਲੁਕੀਆਂ ਸੰਭਾਵਨਾਵਾਂ, ਜੇਹਾ ਕਿ ਇਸ ਦੀ ਵਿਆਖਕ ਸਮਰਥਾ, ਠੁੱਕਦਾਰ ਸ਼ਬਦਾਵਲੀ, ਸ਼ਬਦਸੰਜਮ ਆਦਿ ਇਸ ਰਚਨਾ ਰਾਹੀਂ ਲਿਸ਼ਕ ਪਈਆਂ ਹਨ। ਜਪੁਜੀ ਸਾਹਿਬ ਪੜ੍ਹਨ ਨਾਲ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸੋਲ੍ਹਵੀ ਸਦੀ ਵਿਚ ਜਦੋਂ ਅਜੇ ਭਾਰਤ ਦੀਆਂ ਕਈ ਨਾਮਵਰ ਬੋਲੀਆਂ ਜੇਹਾ ਕਿ ਉਰਦੂ ਤੇ ਖੜੀ ਬੋਲੀ ਹਿੰਦੀ ਆਦਿ ਵਜੂਦ ਵਿਚ ਵੀ ਨਹੀਂ ਆਈਆਂ ਸਨ, ਓਦੋਂ ਪੰਜਾਬੀ ਬੋਲੀ ਦਾ ਠੁੱਕ ਬੱਝ ਚੁੱਕਾ ਸੀ। ਸਮਾਜਕ ਤੇ ਸਭਿਆਚਾਰਕ ਪਹਿਲੂ ਤੋਂ ਜਪੁਜੀ 16 ਵੀਂ ਸਦੀ ਦੇ ਪੰਜਾਬ ਦੀ ਅਮਰ ਤਸਵੀਰ ਹੈ ਜਿਸ ਵਿਚੋਂ

ਉਸ ਸਮੇਂ ਦੀਆਂ ਸਨੌਤਾਂ, ਨਿਸਚੇ, ਧਰਮ ਤੇ ਕਰਮ ਆਦਿ ਝਾਕਦੇ ਪਏ ਹਨ ਅਤੇ ਮੌਜੂਦਾ ਪੰਜਾਬ ਦੇ ਨਰੋਏ ਤੇ ਅਮਰ ਸਭਿਆਚਾਰ ਦਾ ਸੰਚਾਲਕ (ਕਰਤਾ ਜਪੁਜੀ) ਨਵੇਂ, ਉਸਾਰੂ ਤੇ ਵਿਗਿਆਨਕ ਦਰਿਸ਼ਟੀ-ਕੋਣ ਦੀਆਂ ਲੀਹਾਂ ਉਲੀਕਦਾ ਨਜ਼ਰੀਂ ਪੈਂਦਾ ਹੈ।

ਮਜ਼ਬੂਨ ਦਾ ਨਿਭਾ

(ੳ) **ਅਰੰਭ** :—ਸੋਲ੍ਹਵੀਂ ਸਦੀ ਦੀ ਸਾਹਿੱਤਕ ਪਰੰਪਰਾ ਅਨੁਸਾਰ ਲੰਮੀ ਚੋੜੀ ਉਥਾਨਕਾ ਬੰਨ੍ਹ ਕੇ ਮਜ਼ਮੂਨ ਨੂੰ ਛੋਹਿਆ ਜਾਂਦਾਂ ਸੀ ਪਰ ਜਪੁਜੀ ਸਾਹਿਬ ਵਿਚ ਸਿੱਧਾ ਹੀ ਕੇਂਦਰੀ ਵਿਸ਼ੇ ਨੂੰ ਅਰੰਭਿਆ ਗਿਆ ਹੈ। ਮੁੱਢ ਵਿਚ ਗਿਣਤੀ ਦੇ 14 ਲਫਜ਼ਾਂ ਰਾਹੀਂ, ਜਿਨ੍ਹਾਂ ਨੂੰ ਮੂਲ-ਮੰਤਰ ਕਿਹਾ ਜਾਂਦਾ ਹੈ ਪਰਮ-ਸੱਚ, ਦੀ ਨੁਹਾਰ ਨੂੰ ਉਘਾੜਿਆ ਗਿਆ ਹੈ। ਇਸ ਜਲੋ ਨੂੰ ਅੱਖਰਾਂ ਰਾਹੀਂ ਇਸ ਤੋਂ ਵੱਧ ਪਰਗਟ ਕਰ ਸਕਣਾ ਸੰਭਵ ਨਹੀਂ ਹੈ। ਪਰਮ ਸੱਚ, ਦੇ ਸੱਚੇ ਹੋਣ ਦੇ ਗੁਣ ਨੂੰ ਸਲੋਕ ਵਿਚ 'ਸੱਚ' ਸ਼ਬਦ ਦੀ ਚਾਰ ਵੇਰ ਵਰਤੋਂ ਕਰਕੇ ਸ਼ਬਦ-ਕਲਾ ਦੇ ਜ਼ੋਰ ਨਾਲ ਪਾਠਕਾਂ ਦੇ ਮਨ ਅੰਦਰ 'ਪਰਮ-ਸੱਚ, ਦੇ ਜਾਣਨ ਲਈ ਉਤਕੰਠਾ ਜਗਾਈ ਗਈ ਹੈ ਅਤੇ ਇਸ ਤਰ੍ਹਾਂ ਫਿਲਾਸਫੀ ਦੇ ਮਜ਼ਬੂਨ ਨੂੰ ਰੋਚਕਤਾ ਦੀ ਚੱਸ ਦਿੱਤੀ ਗਈ ਹੈ।

ਆਦਿ ਸਚੁ ਜੁਗਾਦਿ ਸਚੁ
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।

ਪਹਿਲੀ ਪਉੜੀ ਵਿਚ 'ਕਿਵ ਕੂੜੇ ਤੁਟੈ ਪਾਲਿ' ਦਾ ਸਵਾਲ ਉਠਾ ਕੇ ਅਤੇ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਦਾ ਸੰਕੇਤਕ ਜਵਾਬ ਦੇ ਕੇ ਮਨੁੱਖੀ ਜ਼ਿੰਦਗੀ ਦਾ ਮਨੋਰਥ ਕੂੜ ਦੀ ਪਾਲਿ ਨੂੰ ਤੋੜਨ ਅਤੇ ਪਰਮ-ਸੱਚ ਨਾਲ ਅਭੇਦਤਾ ਪਰਾਪਤ ਕਰਨਾ ਦਰਸਾ ਕੇ ਸਮੁੱਚੇ ਮਜ਼ਮੂਨ ਦਾ ਮੂੰਹ-ਵਿਖਾਲਾ ਕੀਤਾ ਗਿਆ ਹੈ। ਦੂਜੀ ਪਉੜੀ ਵਿਚ ਸਾਰੇ ਸੰਸਾਰ ਨੂੰ ਪਰਮ ਸੱਚ ਦੇ ਹੁਕਮ ਦਾ ਵੈਰਾਟ ਸਰੂਪ ਦਸਿਆ ਗਿਆ ਹੈ ਅਤੇ ਤੀਜੀ ਪੌੜੀ 'ਚ ਸਮੁੱਚਾ ਵਿਸ਼ਵ ਉਸਦੇ ਗੁਣਾਂ ਨੂੰ ਸੁਰ ਤਾਲ ਨਾਲ ਗਾਉਂਦਾ ਪਰਗਟਾ ਕੇ ਜਗਤ ਨੂੰ ਸੰਗੀਤ-ਮੰਡਲ ਅਤੇ 'ਪਰਮ-ਸੱਚ' ਨੂੰ ਬੇਪ੍ਰਵਾਹ ਤੇ ਵਿਗਾਸਮਈ ਰੂਪ ਵਿਚ ਮੂਰਤੀਮਾਨ ਕੀਤਾ ਗਿਆ ਹੈ। ਨਾਨਕ ਵਿਗਸੈ ਵੇਪਰਵਾਹ''। ਇਸ ਤਰ੍ਹਾਂ ਇਕ ਸ਼ਲੋਕ ਤੇ ਤਿੰਨ ਪਉੜੀਆਂ ਰਾਹੀਂ ਮਜ਼ਮੂਨ ਦਾ ਪਿੜ ਤਿਆਰ ਕੀਤਾ ਗਿਆ ਹੈ ਅਤੇ ਮਜ਼ਮੂਨ ਦੇ ਅਹਿਮ ਪਹਿਲੂਆਂ, ਜਿਨ੍ਹਾਂ ਦੀ ਵਿਆਖਿਆ ਅਗੇ ਕੀਤੀ ਜਾਣੀ ਹੈ, ਦੀ ਝਲਕ ਵਿਖਾ ਦਿਤੀ ਗਈ ਹੈ। ਇਹ ਹੈ

ਮਜ਼ਮੂਨ ਦਾ ਹੁਨਰੀ, ਵਿਗਿਆਨਕ ਤੇ ਨਾਟਕੀ ਅਰੰਭ, ਜਿਸ ਨੂੰ ਆਧੁਨਿਕ ਜੁਗ ਦੀ ਕਾਢ ਕਿਹਾ ਜਾਂਦਾ ਹੈ।

(ਅ) ਉਸਾਰੀ—ਮਜ਼ਮੂਨ ਦੇ ਲੜੀ-ਬਧ ਨਿਭਾ ਨੂੰ ਜਾਂਚਣ ਤੋਂ ਪਹਿਲਾਂ ਬਾ-ਤਰਤੀਬ ਉਸਾਰੀ ਦੇਖਣ ਯੋਗ ਹੈ। ਜਿਵੇਂ ਆਰੰਭ ਇਕ ਸ਼ਲੋਕ ਤੇ 3 ਪਉੜੀਆਂ ਅਰਥਾਤ ਚਾਰ ਛੰਦਾਂ ਨਾਲ ਕੀਤਾ ਗਿਆ ਹੈ, ਤਿਵੇਂ ਸਾਰੀ ਉਸਾਰੀ ਨੂੰ ਚਾਰ ਚਾਰ ਛੰਦਾਂ ਦੀ ਚੌਕੜੀ ਰਾਹੀਂ ਕਲਾਤਮਕ ਢੰਗ ਨਾਲ ਨਿਭਾਇਆ ਗਿਆ ਹੈ। ਆਦਿ ਤੇ ਅੰਤ ਵਿਚ ਇਕ ਇਕ ਸ਼ਲੋਕ ਹੈ ਅਤੇ ਮਧ ਵਿਚ 38 ਪਉੜੀਆਂ ਹਨ। ਸਾਰੇ 40 ਛੰਦ ਚਹੁੰ ਚਹੁੰ ਦੇ ਗੁੱਟ ਦੇ ਰੂਪ ਵਿਚ ਖਿਆਲ-ਉਸਾਰੀ ਦੀ ਇਕ ਅਨੂਪਮ ਦਸ ਮੰਜ਼ਲੀ ਇਮਾਰਤ ਦਾ ਢਾਂਚਾ ਪੇਸ਼ ਕਰਦੇ ਹਨ।

ਨਾਟਕੀ ਅਰੰਭ ਤੋਂ ਪਿਛੋਂ ਉਸਾਰੀ ਦੇ ਮੱਢ ਵਿਚ, ਅਰਥਾਤ ਚੌਥੀ ਪਉੜੀ ਵਿਚ, 'ਪਰਮ-ਸੱਚ' ਨਾਲ ਅਭੇਦਤਾ ਹਾਸਲ ਕਰਨ ਬਾਰੇ ਕਰਤਾ ਜੀ ਨੇ ਆਪਣਾ ਮੱਤ ਇਕ ਤੁਕ ਵਿਚ ਪੇਸ਼ ਕਰ ਦਿੱਤਾ ਹੈ। 'ਅਮ੍ਰਿਤ ਵੇਲਾ ਸਚੁ ਨਾਓ ਵਡਿਆਈ ਵੀਚਾਰ। ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ' ਲਿਖ ਕੇ ਇਸ ਸਧਾਂਤ ਨੂੰ ਵਰਤਦਿਆਂ ਮਨੁੱਖ ਨੂੰ ਪ੍ਰਭੂ ਬਖਸ਼ਿਸ਼ ਦੇ ਜਾਚਕ ਬਣੇ ਰਹਿਣ ਦੀ ਸੂਚਨਾ ਕੀਤੀ ਹੈ। ਬਸ ਇਹ ਤਾਂ ਗੁਰਮਤ ਦਾ ਸੂਖਮ ਰੂਪ ਵਿਚ ਸਿਧਾਂਤ ਹੈ। ਆਪਣੇ ਮਤ ਨੂੰ ਦਸਦੇ ਸਾਰ ਕਰਤਾ ਜੀ ਨੇ ਅਗਲੀਆਂ ਤਿੰਨ ਪਉੜੀਆਂ ਵਿਚ ਹੇਠ ਲਿਖੇ ਪਰਚਲਤ ਮਤਾਂ ਦਾ ਅੰਗ-ਨਿਖੇੜ ਕਰ ਕੇ ਉਨ੍ਹਾਂ ਤੇ ਵਿਗਿਆਨਕ ਟੀਕਾ ਟਿਪਣੀ ਕੀਤੀ ਹੈ। ਪਹਿਲਾਂ ਪ੍ਰਭੂ ਦੀ ਕਿਸੇ ਦੇਵੀ ਦੇਵਤੇ ਦੇ ਰੂਪ ਵਿਚ ਥਾਪਨਾ ਕਰਨਾ ਤੇ ਦੂਜਾ ਤੀਰਥ ਆਦਿ ਕਰਮਾਂ ਤੇ ਭਰੋਸਾ ਰਖਣਾ ਅਤੇ ਤੀਜਾ ਜੋਗ ਰਾਹੀਂ ਉਮਰ ਵਧਾਉਣ ਤੇ ਜਸ ਖੱਟਣ ਆਦਿ ਨੂੰ ਮਨੋਰਥ ਮਿਥਣਾ। ਇਸ ਤਰ੍ਹਾਂ ਉਸਾਰੀ ਦੇ ਪਹਿਲੇ ਰਦੇ ਵਿਚ ਉਭਰ ਰਹੇ ਪੰਜਾਬ ਦਾ ਨਵਾਂ ਦਰਿਸ਼ਟੀਕੋਣ ਜਨਮ ਲੈ ਰਿਹਾ ਹੈ ਅਤੇ 16ਵੀਂ ਸਦੀ ਦੇ ਪੰਜਾਬ ਦੇ ਪਰਚਲਤ ਦਰਿਸ਼ਟੀਕੋਣ ਥੱਰਾਂਦੇ ਨਜ਼ਰੀਂ ਪੈਂਦੇ ਹਨ।

ਤੀਜੇ ਤੇ ਚੌਥੇ ਪੜਾ ਵਿਚ ਇਸ ਦਰਿਸ਼ਟੀ-ਕੋਣ ਦੇ ਧਾਰਨ ਕਰਨ ਨਾਲ ਅਤੇ ਗੁਰੂ ਦੀ ਸਿਖਿਆ 'ਸੁਣਨ' ਤੇ 'ਮੰਨਣ' ਨਾਲ ਜੋ ਗਿਆਨ ਹਾਸਲ ਹੁੰਦਾ ਹੈ ਅਤੇ ਜੋ ਆਤਮਕ ਅਵਸਥਾ ਪਰਾਪਤ ਹੁੰਦੀ ਹੈ ਉਸ ਦੇ ਚੜ੍ਹਾਉ ਦਾ ਗਰਾਫ ਖਿਚਿਆ ਹੋਇਆ ਹੈ।

ਪੰਜਵੇਂ ਥਾਂ ਪਿਛਲੇ ਪੜਾਵਾਂ ਨੂੰ ਤੈ ਕਰ ਚੁੱਕੇ ਮਨੁੱਖ ਨੂੰ 'ਪੰਚ' ਦਾ ਸੰਕੇਤਕ ਨਾਉਂ ਦਿਤਾ ਹੈ ਜੋ ਦਰਗਾਹ ਵਿਚ ਪਰਵਾਨ ਹੁੰਦਾ ਹੈ। ਅਜਿਹਾ 'ਪੰਚ' ਵੀ ਪ੍ਰਭੂ ਦੀ ਸਰਿਸ਼ਟੀ ਦਾ ਅੰਤ ਨਹੀਂ ਪਾ ਸਕਦਾ ਅਤੇ ਨਾ ਹੀ ਅੰਤ ਪਾਉਣਾ ਮਨੁੱਖੀ ਮਨੋਰਥ ਹੈ। ਅਗਲੀਆਂ ਪਾਉੜੀਆਂ ਵਿਚ ਪ੍ਰਭੂ ਦੀ ਬੇਅੰਤਤਾ ਦਸੱਣ ਲਈ ਇੱਕ ਪਾਸੇ ਜਪੀਆਂ, ਤਪੀਆਂ, ਪਾਠੀਆਂ, ਭਗਤਾਂ ਤੇ ਸੂਰਮਿਆਂ ਅਤੇ ਦੂਜੇ ਪਾਸੇ ਨਿੰਦਕਾਂ ਠੱਗਾਂ, ਧਾੜਵੀਆਂ ਕੂੜਿਆਰਾਂ ਤੇ ਚੋਰਾਂ ਨੂੰ ਅਸੰਖਾਂ ਦੀ ਗਿਣਤੀ ਵਿਚ ਵਰਣਨ ਕੀਤਾ ਹੈ। ਸ਼ਬਦ ਅਸੰਖ ਵਰਤਣ ਦੀ ਵੀ ਮਜਬੂਰੀ ਦੱਸੀ ਹੈ ਕਿਉਂਕਿ ਲਿਖਣਾ ਤੇ ਬੋਲ਼ਣਾ ਸ਼ਬਦ ਦੀ ਵਰਤੋਂ ਬਿਨਾਂ ਸੰਭਵ ਨਹੀਂ ਹੈ। ਕਾਵਿਕ ਹੁਲਾਰਾ ਦੇਣ ਲਈ ਕਰਤਾ ਜ਼ੀ ਨੇ ਆਪਣੇ ਆਪ ਨੂੰ 'ਨਾਨਕ ਨੀਚੁ ਕਹੈ ਵੀਚਾਰ' ਲਿਖ ਕੇ ਅਤੇ ਪ੍ਰਭੂ ਦੀ ਸੱਤਤਾ ਨੂੰ ਉਜਾਗਰ ਕਰਨ ਲਈ 'ਤੂ ਸਦਾ ਸਲਾਮਿਤ ਨਿਰੰਕਾਰ' ਦੀ ਤੁਕ ਨੂੰ ਹਰੇਕ ਪਾਉੜੀ ਦੇ ਅੰਤ ਵਿਚ ਦੁਹਰਾ ਕੇ ਮਜ਼ਮੂਨ ਦੇ ਬਿਆਨੀਆਂ ਪੱਖ ਨੂੰ ਜਪੁਜੀ ਦੇ ਪੂਰੇ ਅੱਧ ਵਿਚ ਲਿਜਾ ਕੇ ਸਮਾਪਤ ਕਰ ਦਿੱਤਾ ਹੈ।

ਮਜ਼ਮੂਨ ਦੇ ਬਿਆਨੀਆ ਪੱਖ ਦੀ ਸਮਾਪਤੀ ਨਾਲ ਇਸ ਦਾ ਪੜਚੋਲੀਆ ਪੱਖ ਛੇਵੇਂ ਪੜਾ ਨਾਲ ਅਰੰਭ ਹੁੰਦਾ ਹੈ। ਇਸ ਲਈ ਸਭ ਤੋਂ ਪਹਿਲਾਂ ਮਜ਼ਮੂਨ ਦਾ ਕੇਂਦਰੀ ਭਾਵ 'ਭਰੀਐ ਮਤਿ ਪਾਪਾ ਕੈ ਸੰਗ। ਓਹ ਧੋਪੈ ਨਾਵੈ ਕੈ ਰੰਗਿ' ਨੂੰ ਮੁੜ ਹੋਰ ਸ਼ਬਦਾਂ ਵਿਚ ਦੁਹਰਾਇਆ ਗਿਆ ਹੈ। ਅਗਲੀ ਪਉੜੀ ਵਿਚ ਮਨੁੱਖੀ ਭੜਕ ਦੀ ਤ੍ਰਿਪਤੀ ਦਾ ਸੋਮਾ। 'ਸਤਿ ਸੁਹਾਣੁ ਸਦਾ ਮਨ ਚਾਉ।' ਦੇ ਗੁਣਾਂ ਵਾਲਾ ਪ੍ਰਭੂ ਦੱਸਿਆ ਹੈ ਅਤੇ ਉਸ ਦੇ ਵਿਸਤੀਰਤ ਅਕਾਰ ਦਾ ਝਾਕਾ ਵਿਖਾ ਕੇ ਵੈਦਿਕ, ਸੈਮੇਟਿਕ ਤੇ ਜੋਗ ਆਦਿ ਮਤਾਂ ਤੇ ਪੜਚੋਲੀਆ ਰੋਸ਼ਨੀ ਪਾ ਕੇ 'ਨਦੀਆ ਅਤੇ ਵਾਹ ਪਵਹਿ ਸਮੁੰਦਿ ਨਾ ਜਾਨੀਅਹਿ, ਲਿਖਕੇ ਸੰਸਾਰੀ ਮਜਬੂਰੀ ਦਾ ਚਿਤਰ ਖਿੱਚ ਦਿੱਤਾ ਹੈ।

ਸਤਵੇਂ ਪੜਾਅ ਵਿਚ ਪਿਛਲੇ ਪਰਕਰਣ ਨੂੰ ਜਾਰੀ ਰਖਿਆ ਹੈ ਪਰ ਪੜਚੋਲ ਦਾ ਰੁਖ ਧਰਮਾਂ ਦੇ ਵਿਸ਼ਲੇਸ਼ਨ ਤੋਂ ਬਦਲ ਕੇ ਪ੍ਰਭੂ ਦੀਆਂ ਅਣਗਿਣਤ ਦਾਤਾਂ ਨੂੰ ਖੁਰਦਬੀਨੀ ਨੀਝ ਨਾਲ ਵਿਖਾਉਣ ਵੱਲ ਮੋੜਿਆ ਹੋਇਆ ਹੈ। 24ਵੀਂ ਜਪੁਜੀ ਪਉੜੀ ਵਿਚ ('ਅੰਤ ਨ' 25ਵੀਂ ਵਿਚ 'ਕੇਤੇ' ਅਤੇ 26ਵੀਂ ਵਿਚ 'ਅਮੁਲ' ਆਦਿ ਵਿਸ਼ਲੇਸ਼ਣਾਂ ਦੀ ਟੇਕ ਨਾਲ ਸੰਸਾਰਕ, ਇਖਲਾਕੀ ਤੇ ਆਤਮਕ ਗੁਣਾਂ ਵਾਲੀਆਂ ਦਾਤਾਂ ਦਾ ਵੇਰਵਾ ਪਾ ਕੇ ਮਨੁੱਖੀ ਮਨ ਨੂੰ ਭਗਤੀ ਦੇ ਰੰਗ ਵਿੱਚ

ਰੰਗਿਆ ਹੈ। ਇਸ ਗੁੱਟ ਦੀ ਆਖਰੀ ਪਉੜੀ ਵਿਚ ਪ੍ਰਭੂ ਦੀ ਉਤੱਮਤਾ ਦਾ ਦੈਵੀ ਪ੍ਰਭਾਵ ਪਾਂਉਣ ਲਈ ਅਗੰਮੀ, ਅਲੌਕਿਕ ਤੇ ਵਿਸਮਾਦੀ ਦਰਬਾਰ ਦੀ ਰਚਨਾ ਕੀਤੀ ਗਈ ਹੈ ਜਿਸ ਦੇ ਦਰ ਤੇ ਪਉਣ, ਪਾਣੀ, ਬੈਸੰਤਰ ਆਦਿ ਤੱਤਾਂ ਤੋਂ ਲੈ ਕੇ ਜਤੀ, ਸਤੀ, ਸੰਤੋਖੀ, ਜੋਧੇ, ਸੂਰੇ, ਖੰਡ ਬ੍ਰਹਿਮੰਡ ਆਦਿ ਹੱਥ ਬੰਨ੍ਹੀ ਜਸ ਗਾ ਰਹੇ ਵਿਖਾਏ ਗਏ ਹਨ। ਇਉਂ ਇਸ ਕਾਂਡ ਵਿਚ 'ਪਰਮ ਸੱਚ' ਨੂੰ ਪੂਰੇ ਜਲੋ ਵਿਚ ਪਰਗਟਾਂਇਆ ਹੋਇਆ ਹੈ।

ਭਾਰਤ ਵਿੱਚ ਉਸ ਸਮੇਂ ਅਜਿਹੇ ਸਰਬਵਿਆਪੀ, ਪਰੀ ਪੂਰਣ ਤੇ ਰਮੇ ਹੋਏ ਪ੍ਰਭੂ ਨੂੰ ਵੀ ਸਥਾਨ ਤੇ ਸਮੇਂ ਦੇ ਹੇਰ ਫੇਰ ਨਾਲ ਵੱਖੋ ਵੱਖ ਭੇਖ਼ਾਂ ਨੇ ਵਖਰੇ ਵਖਰੇ ਰੂਪ ਦਿੱਤੇ ਸਨ। ਉੱਤਰੀ ਭਾਰਤ ਵਿਚ ਜੋਗ ਮਤ ਤੇ ਉਸ ਦੀਆਂ ਭਿੰਨ ਭਿੰਨ ਸ਼ਾਖਾਂ ਅਤੇ ਪੂਰਬ ਤੇ ਦੱਖਣ ਵਿੱਚ ਵੈਸ਼ਨਵ ਆਦਿ ਮਤ ਜ਼ੋਰਾਂ ਤੇ ਸਨ। ਅਠਵੇਂ ਪੜਾ ਦੀਆਂ ਚੌਹਾਂ ਪਉੜੀਆਂ ਵਿੱਚ ਮਹਾਨ ਪੜਚੋਲੀਏ ਰਚਣਹਾਰ ਜੀ ਨੇ ਇਹਨਾਂ ਭੇਖਾਂ ਅਤੇ ਉਨ੍ਹਾਂ ਦੀ ਧਾਰਮਕ ਰਹੁ-ਰੀਤ ਤੇ ਸਮੱਗਰੀ ਨੂੰ ਨਿਹਾਇਤ ਪ੍ਰਬੀਨਤਾ ਨਾਲ ਨਖੇੜਿਆ ਹੈ ਇਸ ਚਉਕੜ ਦੀ ਹਰੇਕ ਪਉੜੀ ਦੇ ਅੰਤ ਵਿਚ'ਆਦੇਸ ਤਿਸੈ ਆਦੇਸ ਆਦਿ ਅਨੀਲੁ ਅਨਾਦਿ ਅਨਾਹਿਤ ਜੁਗ ਜੁਗ ਏਕੋ ਵੇਸੁ' ਲਿਖ ਕੇ ਗਿਆਨ ਦਾਸੂਰਜ ਲਿਸ਼ਕਾ ਦਿੱਤਾ ਹੈ, ਜਿਸ ਨਾਲ ਭੇਖਾਂ ਦੇ ਤਾਰਿਆਂ ਦੀ ਲੋ ਲੋਪ ਹੋ ਗਈ ਹੈ।

ਇਥੇ ਪੁਜ ਕੇ ਰਸਤੇ ਦਾ ਬਿਆਨ ਅਤੇ ਆਸੇ ਪਾਸੇ ਦੀ ਪੜਚੋਲ ਦੋਵੇਂ ਨਿਬੜ ਗਏ ਹਨ। ਇਸ ਲਈ ਮਜ਼ਮੂਨ ਦੀ ਟੋਰ ਰਵਾਂ ਰਵੀਂ ਸਿਖਰ ਵੱਲ ਧਾਈ ਕਰਦੀ ਹੈ। ਪ੍ਰੇਰਕ ਕਲਾਕਾਰ ਮਜ਼ਮੂਨ ਨੂੰ ਸ਼ਖਸੀ ਛੋਹ ਦਿੰਦਿਆਂ ਉਪਰ ਵਰਣਨ ਕੀਤੇ 'ਆਦਿ ਅਨੀਲੁ ਅਨਾਦ ਅਨਾਹਿਤ' 'ਪ੍ਰਭੂ ਦੀ, ਸਿਫ਼ਤ-ਸਲਾਹ ਵਿੱਚ ਇੱਕ ਜੀਭ, ਲੱਖ ਜੀਭਾਂ, ਵੀਹ ਲੱਖ ਜੀਭਾਂ, ਵੀਹ ਲੱਖ ਜੀਭਾਂ ਨਹੀਂ—ਨਹੀਂ ਉਹਨਾਂ ਦੇ ਵੀ ਲੱਖ ਲੱਖ ਗੇੜਿਆਂ ਨਾਲ ਜੁੱਟ ਜਾਂਦਾ ਹੈ ਕਿਉਂਕਿ ਇਸ ਰਾਹ ਤੇ ਚਲਦਿਆਂ ਸਹਿਜੇ ਆਤਮਿਕ ਮੰਜ਼ਲਾਂ ਦੀ ਪਹੁੰਚ ਪਰਾਪਤ ਹੁੰਦੀ ਹੈ ਜੋ ਕਿਸੇ ਹੋਰ ਜ਼ੋਰ ਨਾਲ ਪਰਾਪਤ ਨਹੀਂ ਹੋ ਸਕਦੀ। ਪਹਿਲੀ ਮੰਜ਼ਲ ਉਹ ਹੈ ਜਿਥੇ 'ਰਾਤੀ ਰੁਤੀ ਥਿਤੀ ਵਾਰ' ਵਾਂਗ ਜੀਵਨ ਕਾਨੂੰਨ ਅਰਥਾਤ ਫਰਜ਼ ਪਰਾਇਣ ਹੋ ਕੇ ਬੱਝਵੀਂ ਤੋਰ ਤਰਦਾ ਹੈ। ਇਸ ਨੂੰ 'ਧਰਮ ਖੰਡ' ਕਿਹਾ ਗਿਆ ਹੈ। ਦੂਜੀ ਮੰਜ਼ਲ ਉਹ ਹੈ ਜਿਥੇ ਜੀਵਨ ਇਸ ਮਾਰਗ ਦੇ ਪੰਧਾਊਆਂ ਦੀ ਵਾਰਤਾ ਅਤੇ ਇਸ ਪੰਧ ਦੀ ਅਦ-ਭੁਤਤਾ ਤੋਂ ਜਾਣੂ ਹੋ ਜਾਂਦਾ ਹੈ। ਇਸ ਨੂੰ 'ਗਿਆਨ ਖੰਡ' ਕਿਹਾ ਗਿਆ ਹੈ। ਇਥੇ ਨੌਵਾਂ ਪੜਾ ਸਮਾਪਤ ਹੁੰਦਾ ਹੈ ਅਤੇ ਨਾਲ ਹੀ ਮਾਦੀ ਸੰਸਾਰ ਦੀਆਂ ਮੰਜ਼ਲਾਂ,

ਜੋ ਫਰਜ਼ ਤੇ ਗਿਆਨ ਅਰਥਾਤ ਦਿਮਾਗ ਦੇ ਦਾਇਰੇ ਦੀ ਹੱਦ ਤਕ ਹੀ ਸੀਮਤ ਹਨ ਵੀ ਸਮਾਪਤ ਹੋ ਜਾਂਦੀਆਂ ਹਨ।

(ੲ) ਸਿਖਰ ਤੇ ਸਮਾਪਤੀ—ਦਸਵੇਂ ਤੇ ਆਖਰੀ ਪੜਾ ਵਿਚ ਮਾਨਸਿਕ ਪੰਧ ਦਾ ਜ਼ਿਕਰ ਆਉਂਦਾ ਹੈ ਜੋ ਮਨੁੱਖੀ ਵਿਕਾਸ ਦੀ ਸਿਖਰ ਹੈ। ਤੀਜੀ ਮੰਜ਼ਲ ਨੂੰ 'ਸਰਮ-ਖੰਡ' ਕਿਹਾ ਗਿਆ ਹੈ, ਜਿਥੇ 'ਸੁਰਤਿ ਮਤਿ ਮਨਿ ਬੁਧ' ਦੀ ਘਾੜਤ ਹੁੰਦੀ ਹੈ। ਚੋਥੀ ਮੰਜ਼ਲ 'ਜੋਧ ਮਹਾਬਲ ਸੂਰ' ਦੇ ਟਿਕਾਣਿਆਂ ਦੀ ਹੈ। ਇਸ ਨੂੰ 'ਕਰਮ-ਖਡ' ਕਿਹਾ ਗਿਆ ਹੈ। ਇਥੇ 'ਮਰਨ ਤੇ ਠਗਣ' ਦਾ ਸਿਲਸਿਲਾ ਉੱਕਾ ਹੀ ਨਹੀਂ ਹੁੰਦਾ। 'ਨਾ ਓਹਿ ਮਰਹਿ ਨਾ ਠਾਗੇ ਜਾਹਿ'। ਇਹ ਆਤਮਿਕ ਸਥਿਰਤਾ ਦੀ ਅਵਸਥਾ ਹੈ। ਪੰਜਵੀਂ ਤੇ ਅਖੀਰੀ ਮੱਜ਼ਲ 'ਸਚ-ਖੰਡ' ਹੈ ਜਿਥੇ ਨਿਰੰਕਾਰ ਦਾ ਆਪਣਾ ਵਾਸਾ ਹੈ। 'ਸਚ ਖੰਡ ਵਸੈ ਨਿਰੰਕਾਰ'। ਇਸ ਪੜਾ ਤੇ ਪੁੱਜਿਆਂ ਮਨੁੱਖ ਸਭ ਕਿਸਮਾਂ ਦੀਆਂ ਪਾਲਾਂ ਤੇ ਦੀਵਾਰਾਂ ਨੂੰ ਤੋੜ 'ਪਰਮ ਸੱਚ' ਦੇ ਨਿੱਜ ਰੂਪ ਵਿਚ, ਜੋ ਵਿਗਾਸਮਈ ਤੇ ਸਦੀਵੀ ਖੇੜੇ ਭਰਿਆ ਹੈ, ਇਕਮਿਕ ਹੋ ਜਾਂਦਾ ਹੈ। 'ਵੇਖੈ ਵਿਗਸੈ ਕਰਿ ਵੀਚਾਰ।' ਇਹ ਮਜ਼ਮੂਨ ਦੀ ਉਸਾਰੀ ਜਾਂ ਟੀਸੀ ਹੈ। ਨਿਪੁੰਨ ਕਲਾਕਾਰ ਨੇ ਮਜ਼ਮੂਨ ਦੀ ਟੀਸੀ ਨੂੰ ਛੂੰਹਦੇ ਸਾਰ 'ਨਵੀਨ ਇਕਾਂਗੀ ਨਾਟਕ' ਨਾਲੋਂ ਵੀ ਸਮਾਪਤੀ ਵਿਚ ਤੇਜ਼ੀ ਤੇ ਫੁਰਤੀ ਵਿਖਾਈ ਹੈ। ਇੰਨੇ ਸੰਜੀਦਾ, ਗੰਭੀਰ, ਵਿਸਤੀਰਤ ਤੇ ਸਾਰੇ ਸੰਸਾਰ ਦੀ ਵਾਕਫੀ ਭਰੇ ਮਜ਼ਮੂਨ ਨੂੰ ਕਮਾਲ ਸੁਚੱਜਤਾ ਨਾਲ ੪੮ਵੀਂ ਪਾਉੜੀ ਵਿੱਚ ਸੁਨਿਆਰੇ ਦੀ ਟਕਸਾਲ ਦੀ ਤਸਵੀਰ ਖਿੱਚ ਕੇ ਜੀਵਨ ਸਮੇਟ ਦਿੱਤਾ ਹੈ ਅਤੇ ਅੰਤਮ ਸ਼ਲੋਕ ਵਿਚ ਸਰਿਸ਼ਟੀ ਦੇ ਸਰਦਾਰ ਮਨੁੱਖ ਦੇ ਮਨੋਰਥ ਦੀ ਅਤਿ ਪੀਡੀ ਗੁੰਝਲ ਦੇ ਸੁਝਾ ਉਤੇ ਫਤਿਹ ਦੇ ਨਗਾਰੇ ਵਜਾ ਦਿੱਤੇ ਹਨ।

'ਜਿਨੀ ਨਾਮ ਧਿਆਇਆ ਗਏ ਮਸਕਤਿ ਘਾਲਿ।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।'

ਇਹ ਹੈ ਸਾਹਿਤਕ ਸੰਸਾਰ ਵਿੱਚ ਸੰਜਮ ਤੇ ਸੰਕੋਚ ਦੀ ਆਦਰਸ਼ਕ ਵਰਤੋਂ ਜੋ ਸਾਹਿਤਕਾਰਾਂ ਨੂੰ ਕਲਾ ਦੀਆਂ ਸਿਖਰਾਂ ਦੇ ਝਾਵਲੇ ਦਿੰਦੀ ਰਹੇਗੀ।

ਮਜ਼ਮੂਨ ਦੇ ਇਸ ਨਿਪੁੰਨ ਨਿਭਾ ਵਿਚ ਸਪਸ਼ਟਤਾ ਹੈ, ਸੰਖੇਪਤਾ ਹੈ, ਇਕਸੁਰਤਾ ਤੇ ਇਕਸਾਰਤਾ ਹੈ ਅਤੇ ਸਭ ਤੋਂ ਵਧ ਮਜ਼ਮੂਨ ਦੇ ਅਰੰਭ, ਓਸਾਰੀ ਤੇ ਸਮਾਪਤੀ ਵਿੱਚ ਉਹ ਕਲਾ ਹੈ ਜਿਸ ਦੀ ਹੋਂਦ ਮਜ਼ਮੂਨ ਨੂੰ ਲਿਸ਼ਕ ਤੇ ਸੁਹਜ ਦੇ ਕੇ ਸਦੀਵੀ ਤੇ ਅਮਰ ਸਾਹਿਤ ਬਣਾ ਦਿੰਦੀ ਹੈ ਅਤੇ ਰਚਣਹਾਰ ਦੀ ਸ਼ਖਸੀਅਤ ਦੇ ਚੌਗਿਰਦ ਪੂਰਨਤਾ ਦਾ ਝਲਕਾਰਾ ਦਿੰਦੀ ਹੈ।

ਜਪੁਜੀ ਸਾਹਿਬ ਦਾ ਬਹੁ-ਪੱਖੀ ਅਧਿਐਨ

ਪ੍ਰੋ: ਪ੍ਰਕਾਸ਼ ਸਿੰਘ
ਸਿਖ ਇਤਿਹਾਸ ਖੋਜ ਵਿਭਾਗ ਖਾਲਸਾ ਕਾਲਜ,
ਅੰਮ੍ਰਿਤਸਰ ।

ਆਦਿ ਗ੍ਰੰਥ ਦੀ ਆਦਿ ਬਾਣੀ

ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਦੀ ਸਰਬੋਤਮ ਕਿਰਤ 'ਜਪੁ' ਜੀ ਸਾਹਿਬ ਦੀ ਬਾਣੀ, ਆਦਿ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਦਿ ਵਿਚ ਅੰਕਿਤ ਹੈ । ਗੁਰਬਾਣੀ ਇਕ ਇਲਾਹੀ ਰਚਨਾ ਹੈ । 'ਧੁਰ ਕੀ ਬਾਣੀ' ਦਾ ਟਾਕਰਾ ਕਿਸੇ ਆਮ ਰਚਨਾ ਨਾਲ ਨਹੀਂ ਹੋ ਸਕਦਾ ਤੇ ਨਾ ਹੀ ਇਸਦਾ ਆਮ ਦ੍ਰਿਸ਼ਟੀ ਤੋਂ ਅਧਿਐਨ ਹੀ ਹੋ ਸਕਦਾ ਹੈ । ਖਾਸ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਸ ਪਥ ਪਰਦਰਸ਼ਕ ਤੇ ਮਨੋਹਰ ਰਚਨਾ ਦੀ ਤੁਲਨਾ ਕਿਸੇ ਆਮ ਦੁਨਿਆਵੀ ਕਵੀ ਦੀ ਮਹਾਨ ਤੋਂ ਮਹਾਨ ਰਚਨਾ ਨਾਲ ਵੀ ਨਹੀਂ ਕੀਤੀ ਜਾ ਸਕਦੀ । ਕੋਈ ਦੁਨਿਆਵੀ ਕਿਰਤ ਸੋਨੇ ਤੁਲ ਹੋ ਸਕਦੀ ਹੈ ਪਰ ਗੁਰਬਾਣੀ ਤਾਂ ਪਾਰਸ ਹੈ । ਸੋਨੇ ਤੇ ਪਾਰਸ ਦਾ ਕੋਈ ਟਾਕਰਾ ਨਹੀਂ । ਗੁਰੂ ਨਾਨਕ ਸਾਹਿਬ ਦੀ ਇਹ ਰਚਨਾ ਆਪ ਦੀ ਇਲਾਹੀ ਦੇਣ ਹੈ । ਇਹ ਅਮਰ ਰਚਨਾ ਆਤਮ ਖੋਜੀਆਂ ਤੇ ਪਰਮਾਰਥ ਦੇ ਜਗਿ-ਆਸੂਆਂ ਲਈ ਇਕ ਚਾਨਣ ਮੁਨਾਰਾ ਹੈ । ਇਸ ਵਿਚ ਗੁਰੂ ਸਾਹਿਬ ਦੀ ਅਮਰ ਜੋਤ ਦਾ ਪ੍ਰਕਾਸ਼ ਹੈ । ਧਰਮ ਦੇ ਪਾਂਧੀਆਂ ਨੂੰ ਸੱਚ ਦਾ ਮਾਰਗ ਦਰਸਾਣ ਵਾਲੀ ਇਸ ਬਾਣੀ ਵਿਚ ਸਰਬ-ਪਖੀ ਗੁਣ ਛਿਪੇ ਪਏ ਹਨ ।

ਦੋ ਸੌ ਤੋਂ ਵੱਧ ਟੀਕੇ

ਸ੍ਰੀ ਜਪੁਜੀ ਸਾਹਿਬ ਦੀ ਮਹਾਨਤਾ ਤੇ ਵਿਸ਼ੇਸ਼ਤਾ ਇਸ ਗੱਲ ਤੋਂ ਹੀ ਭਲੀ ਪ੍ਰਕਾਰ ਸਪਸ਼ਟ ਹੈ ਕਿ ਇਸ ਬਾਣੀ ਦੇ ਹੁਣ ਤਕ ਪੰਜਾਬੀ, ਹਿੰਦੀ, ਸੰਸਕ੍ਰਿਤ, ਅੰਗਰੇਜ਼ੀ, ਉਰਦੂ, ਫ਼ਾਰਸੀ, ਬੰਗਾਲੀ, ਮਰਾਠੀ ਆਦਿ ਬੋਲੀਆਂ ਵਿਚ ਲਗ ਭਗ

ਦੋ ਸੌ ਟੀਕੇ, ਅਨੁਵਾਦ, ਭਾਸ਼ਯ ਤੇ ਸ਼ਬਦਾਰਥ ਆਦਿ ਹੋ ਚੁਕੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕੀਤੀਆਂ ਗਈਆਂ ਸਾਰੀਆਂ ਬਾਣੀਆਂ ਵਿਚੋਂ ਇਸ ਦਾ ਸਭ ਤੋਂ ਜ਼ਿਆਦਾ ਪਾਠ ਤੇ ਪਰਚਾਰ ਹੋਇਆ ਹੈ ਤੇ ਹੁਣ ਭੀ ਸਿਖ ਜਗਤ ਤੇ ਗੁਰੂ ਨਾਨਕ ਨਾਮ ਲੇਵਾ ਸ਼ਰਧਾਲੂਆਂ ਦੀ ਗਿਣਤੀ ਲੱਖਾਂ ਵਿਚ ਹੋਏਗੀ ਜਿਨ੍ਹਾਂ ਨੂੰ ਇਹ ਬਾਣੀ ਜ਼ਬਾਨੀ ਯਾਦ ਹੈ ਤੇ ਉਹ ਹਰ ਰੋਜ਼ ਨੇਮ ਨਾਲ ਇਸ ਦਾ ਪਾਠ ਕਰਦੇ ਹਨ।

ਜਪੁਜੀ ਦੀ ਸ਼ੈਲੀ ਇਤਨੀ ਗਠਵੀਂ ਤੇ ਸੰਕੋਚਵੀਂ ਹੈ, ਵਿਚਾਰ ਇਤਨੇ ਡੂੰਘੇ, ਗੰਭੀਰ ਤੇ ਸੂਖਮ ਹਨ ਕਿ 'ਇਸ ਬਾਣੀ ਦੇ ਸਭ ਤੋਂ ਵਧ ਟੀਕੇ ਹੋਣ ਦੇ ਬਾਵਜੂਦ ਵੀ ਇਸ ਦਾ ਪੂਰੀ ਸੰਤੁਸ਼ਟਤਾ ਕਰਾ ਸਕਣ ਵਾਲਾ ਟੀਕਾ ਨਹੀਂ ਹੋਇਆ।'

ਇਸ ਬਾਣੀ ਦੇ ਪਾਠ, ਇਸ ਦੀ ਵਿਚਾਰ ਤੇ ਇਸ ਦੇ ਅਧਿਅਨ ਨਾਲ ਇਸ ਦੇ ਬਹੁ ਪਖੀ ਗੁਣ ਉਜਾਗਰ ਹੁੰਦੇ ਹਨ।

ਅੰਮ੍ਰਿਤ ਵੇਲੇ ਦੀ ਬਾਣੀ

ਇਹ ਮਹਾਨ ਤੇ ਪ੍ਰਸਿੱਧ ਬਾਣੀ ਸਿਖ ਧਰਮ ਦੇ ਨਿਤ ਨੇਮ ਦੀ ਪਹਿਲੀ ਬਾਣੀ ਹੈ। ਅੰਮ੍ਰਿਤ ਦਾ ਬਾਟਾ ਤਿਆਰ ਕਰਨ ਵੇਲੇ ਵੀ ਸਭ ਤੋਂ ਪਹਿਲਾਂ ਇਸੇ ਬਾਣੀ ਦਾ ਪਾਠ ਹੁੰਦਾ ਹੈ। ਗੁਰੂ ਸਾਹਿਬ ਦੀਆਂ ਜਨਮ ਸਾਖੀਆਂ ਤੇ ਹੋਰ ਜੀਵਨ ਬਿਰਤਾਂਤਾਂ ਤੋਂ ਸਪਸ਼ਟ ਹੈ ਕਿ ਸਾਰੇ ਹੀ ਗੁਰੂ ਸਾਹਿਬਾਨ ਅੰਮ੍ਰਿਤ ਵੇਲੇ ਉਠ ਕੇ, ਸੋਚ ਇਸ਼ਨਾਨ ਤੋਂ ਵਿਹਲਿਆਂ ਹੋ ਕੇ ਸਭ ਤੋਂ ਪਹਿਲਾਂ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਦੇ ਤੇ ਇਸ ਤੋਂ ਬਾਅਦ ਹੋਰ ਸਿਮਰਨ ਅਭਿਆਸ ਵਿਚ ਜੁੜਦੇ ਤੇ ਕੀਰਤਨ ਆਦਿ ਕਰਦੇ ਜਾਂ ਸੁਣਦੇ ਸਨ।

ਪਰਚਲਤ ਮਰਯਾਦਾ ਤੇ ਰਹਿਤ ਨਾਮਿਆਂ ਵਿਚ ਅੰਕਿਤ ਗੁਰੂ ਸਾਹਿਬਾਂ ਦੇ ਹੁਕਮਾਂ ਅਨੁਸਾਰ ਗੁਰੂ ਮਹਾਰਾਜ ਦੇ ਸਾਰੇ ਸਿਖਾਂ ਦਾ ਫਰਜ਼ ਹੈ ਕਿ ਉਹ ਹਰ ਰੋਜ਼ ਅੰਮ੍ਰਿਤ ਵੇਲੇ ਇਸ਼ਨਾਨ ਆਦਿ ਕਰਕੇ ਸਭ ਤੋਂ ਪਹਿਲਾਂ ਸ੍ਰੀ ਜਪੁਜੀ ਸਾਹਿਬ ਦਾ ਪਾਠ ਬਤੌਰ ਨਿਤਨੇਮ ਦੇ ਇਕ ਮਨ, ਇਕ ਚਿਤ ਹੋ ਕੇ ਕਰਨ ਤੇ ਇਸ ਤੋਂ ਬਾਅਦ ਗੁਰੂ ਮੰਤ੍ਰ ਦਾ ਅਭਿਆਸ ਆਦਿ ਕਰਨ।

ਭਾਈ ਗੁਰਦਾਸ ਜੀ ਨੇ ਲਿਖਿਆ ਹੈ, 'ਸੋਦਰੁ ਆਰਤੀ ਗਾਵੀਐ, ਅੰਮ੍ਰਿਤ ਵੇਲੇ ਜਾਪ ਉਚਾਰਾ।' ਅਰਥਾਤ (ਗੁਰੂ ਨਾਨਕ ਦੇਵ ਜੀ ਦੇ ਦੁਆਰੇ, ਕਰਤਾਰਪੁਰ

ਵਿਖੇ ਸ਼ਾਮ ਨੂੰ) ਸੋਦਰੁ (ਰਹਰਾਸਿ) ਤੇ ਆਰਤੀ ਗਾਇਨ ਹੁੰਦੀ ਤੇ ਸਵੇਰੇ ਅੰਮ੍ਰਿਤ ਵੇਲੇ ਜਪੁਜੀ ਦਾ ਪਾਠ ਹੁੰਦਾ ਹੈ।

ਗੁਰੂ ਸਾਹਿਬ ਨੇ ਆਪ ਵੀ 'ਨਾਮ' ਦੀ 'ਵਡਿਆਈ ਵੀਚਾਰ' ਦਾ ਵਕਤ 'ਅੰਮ੍ਰਿਤ ਵੇਲਾ' ਦਸਿਆ ਹੈ। 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।'

ਉਂਜ ਤਾਂ ਬਾਣੀ ਕਿਸੇ ਵੇਲੇ ਪੜ੍ਹੀਏ ਲਾਭ ਹੀ ਹੁੰਦਾ ਹੈ। 'ਸਭੇ ਵਖਤ ਸਭੇ ਕਰਿ ਵੇਲਾ। ਖਾਲਕ ਯਾਦ ਦਿਲੈ ਮਹਿ ਮੌਲਾ।' ਪਰ ਮਨ ਦੀ ਬਿਰਤੀ ਹਰ ਵੇਲੇ ਇਕਸਾਰ ਕੰਮ ਨਹੀਂ ਕਰਦੀ, ਇਸ ਲਈ ਪੜ੍ਹਨ ਸੁਣਨ ਦਾ ਅਸਰ ਹਰ ਵੇਲੇ ਇਕੋ ਜਿਹਾ ਨਹੀਂ ਹੁੰਦਾ। ਇਸੇ ਲਈ ਗੁਰੂ ਸਾਹਿਬਾਂ ਨੇ ਮਨੁਖ ਦੀ ਆਤਮਾ ਲਈ ਹਰ ਕਿਸਮ ਦੀ ਖ਼ੁਰਾਕ ਤਿਆਰ ਕੀਤੀ, ਨਾਲ ਇਹ ਭੀ ਯਤਨ ਕੀਤਾ ਕਿ ਖ਼ੁਰਾਕ ਅਜੇਹੇ ਵੇਲੇ ਮਿਲੇ ਕਿ ਉਸਦਾ ਵਧ ਤੋਂ ਵਧ ਫ਼ਾਇਦਾ ਹੋਵੇ। ਇਸ ਲਈ ਸਵੇਰੇ, ਸ਼ਾਮ ਤੇ ਰਾਤ ਲਈ ਜੋ ਬਾਣੀਆਂ ਨਿਯਤ ਕੀਤੀਆਂ ਗਈਆਂ ਹਨ, ਉਹ ਖ਼ਿਆਲ, ਬੋਲੀ ਤੇ ਆਕਾਰ ਵਿਚ, ਮਨ ਦੀਆਂ ਬਦਲਦੀਆਂ ਹਾਲਤਾਂ ਮੁਤਾਬਕ ਹਨ। ਜਪੁਜੀ ਵਰਗੀ ਵਿਚਾਰ-ਪ੍ਰਧਾਨ ਬਾਣੀ ਨੂੰ ਸਵੇਰ ਲਈ ਇਸ ਲਈ ਰਖਿਆ ਗਿਆ ਹੈ ਕਿ ਰਾਤ ਦੇ ਆਰਾਮ ਨਾਲ ਚਿਤ ਠੰਡਾ ਹੋ ਕੇ ਸਾਫ ਹੋਇਆ ਹੁੰਦਾ ਹੈ ਤੇ ਅੰਮ੍ਰਿਤ ਵੇਲੇ ਦੀ ਇਕਾਂਤ ਤੇ ਤਾਜ਼ਗੀ ਡੂੰਘੀਆ ਵਿਚਾਰਾਂ ਵਿਚ ਜੁੜਨ 'ਚ ਸਹਾਈ ਹੁੰਦੀ ਹੈ। ਇਸ ਵੇਲੇ ਇਕ ਖਾਸ ਰਜ ਹੁੰਦਾ ਹੈ। ਗੁਰਬਾਣੀ ਵਿਚ ਇਸ ਵੇਲੇ ਦੀ ਕਈ ਥਾਈਂ ਮਹੱਤਤਾ ਦਸੀ ਗਈ ਹੈ। ਜਿਵੇਂ :—

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ।
ਤਿਨਾ ਦਰਿਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ।
ਓਥੈ ਅੰਮ੍ਰਿਤ ਵੰਡੀਐ, ਕਰਮੀਂ ਹੋਇ ਪਸਾਉ।

(ਮ: ੨ ਵਾਰ ਮਾਝ ਮ: ੧)

ਅੰਮ੍ਰਿਤ ਵੇਲੇ ਨੂੰ ਹਰ ਮਜ਼ਹਬ ਦੇ ਈਸ਼ਵਰ ਭਗਤ ਚੰਗਾ ਜਾਣਕੇ ਪਿਆਰਦੇ ਹਨ ਅਤੇ ਜ਼ਾਇਆ ਤੇ ਅਜਾਈਂ ਨਹੀਂ ਜਾਣ ਦਿੰਦੇ। ਮੁਸਲਮਾਨਾਂ ਦੀ ਧਰਮ ਪੁਸਤਕ ਕੁਰਾਨ ਵਿਚ ਆਇਆ ਹੈ :—

'ਵ ਸੁਬਹੁ ਇਜ਼ਾ ਤਨੱਫ਼ਸ ਵਕਲ, ਅਊਜ਼ ਬਰੱਬ ਅਲਫ਼ਲਕ ਵ ਫ਼ਾਲਕੁਲ ਸਬਾਹ।'

ਜਿਸਦਾ ਭਾਵਇਹ ਹੈ ਕਿ ਰਬ ਇਸ ਵੇਲੇ ਦੀ ਸਹੁੰ ਖਾਂਦਾ ਹੈ। ਇਹ

ਵਿਚਾਰਨ ਵਾਲੀ ਗੱਲ ਹੈ ਕਿ ਕੋਈ ਸਹੁੰ ਹਮੇਸ਼ਾਂ ਉਸ ਚੀਜ਼ ਦੀ ਖਾਂਦਾ ਹੈ, ਜਿਸ ਨੂੰ ਉਹ ਵੱਡਾ ਤੇ ਪੂਜਯ ਸਮਝਦਾ ਹੈ। ਕੁਰਾਨ ਦੀ ਇਸ ਤੁਕ ਮੁਤਾਬਕ ਤਾਂ ਰਬ ਆਪ ਇਸ ਵੇਲੇ ਨੂੰ ਉਚਾ ਸਮਝਦਾ ਹੈ।

ਇਸ ਵੇਲੇ ਦੀ ਮਹੱਤਤਾ ਗੁਰਬਾਣੀ ਵਿਚ ਤਾਂ ਕਈ ਥਾਈਂ ਆਈ ਹੀ ਹੈ, ਭਾਈ ਗੁਰਦਾਸ ਜੀ ਨੇ ਵੀ ਇਸ ਵੇਲੇ ਦੀ ਬੜੀ ਮਹਾਨਤਾ ਦਸੀ ਹੈ। ਜਿਵੇਂ ਵਾਰ ੬(੩), ੭(੨੦), ੧੧(੨), ਤੇ ੧੨(੨) ਆਦਿਕ ਵਿਚ।

ਬਾਣੀ ਦਾ ਨਾਮ—

ਇਸ ਬਾਣੀ ਦੇ ਉਪਰ ਇਸ ਦਾ ਨਾਮ 'ਜਪੁਜੀ' ਨਹੀਂ ਲਿਖਿਆ। ਸ਼ੁਰੂ ਵਿਚ ਮੂਲ ਮੰਤ੍ਰ ਹੈ 'ਗੁਰਪ੍ਰਸਾਦਿ' ਮਗਰੋਂ 'ਜਪੁ' ਲਿਖਿਆ ਹੋਇਆ ਹੈ ਜੋ ਇਸ ਬਾਣੀ ਦਾ ਨਾਮ ਹੈ। ਪਰ ਆਮ ਪ੍ਰਸਿਧ ਨਾਮ 'ਜਪੁਜੀ ਸਾਹਿਬ' ਹੈ। 'ਜਪੁ' ਦੇ ਨਾਲ ਜੀ ਤੇ ਸਾਹਿਬ ਸ਼ਬਦ ਅਦਬ ਕਰਕੇ ਵਰਤੀਂਦੇ ਹਨ। ਕਰਤਾਰਪੁਰ ਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਤਤਕਰੇ ਵਿਚ ਇਸ ਬਾਣੀ ਦਾ ਨਾਮ 'ਜਪੁ' ਲਿਖਿਆ ਹੋਇਆ ਹੈ। ਮੂਲ ਮੰਤ੍ਰ ਦੇ ਬਾਅਦ ਜੋ ਜਪੁ ਸ਼ਬਦ ਲਿਖਿਆ ਹੈ ਉਸ ਦੇ ਪਹਿਲਾਂ ਤੇ ਪਿਛੋਂ ਦੋ ਦੋ ਡੰਡੀਆਂ (॥ ਜਪੁ ॥) ਹਨ, ਜੋ ਪੂਰਨ ਵਿਸਰਾਮ ਚਿੰਨ੍ਹ ਹਨ। ਇਸ ਤੋਂ ਪਤਾ ਲਗਦਾ ਹੈ ਕਿ ਇਹ ਪਹਿਲਾਂ ਲਿਖੇ ਮੂਲ ਮੰਤ੍ਰ ਤੋਂ ਵਖ ਹੈ। ਮੂਲ ਮੰਤ੍ਰ ਵੱਖ ਹੈ ਤੇ ਜਪੁ ਬਾਣੀ ਵਖ ਹੈ। ਜਪੁ ਸ਼ਬਦ ਦੇ ਏਥੇ ਰਖਣ ਦਾ ਭਾਵ ਇਹ ਹੈ ਕਿ ਇਹ ਬਾਣੀ ਦਾ ਨਾਮ ਹੈ ਜੋ ਕਿ ਜਪ ਕਰਨ ਵਾਸਤੇ ਹੈ। ਪ੍ਰਿੰਸੀਪਲ ਤੇਜਾ ਸਿੰਘ ਆਪਣੇ ਟੀਕੇ ਵਿਚ ਲਿਖਦੇ ਹਨ, 'ਜਪੁ' ਦਾ ਅਰਥ ਹੈ, ਘੜੀ ਘੜੀ ਮੁੜ ਮੁੜ ਵਿਚਾਰ ਕਰਨ ਲਈ ਬਾਣੀ। 'ਜਪੁ' ਦਾ ਅਰਥ 'ਤੂੰ ਜਪ' ਨਹੀਂ ਹੋ ਸਕਦਾ, ਕਿਉਂਕਿ, ਗੁਰਬਾਣੀ ਵਿਚ ਜਿਥੇ ਭੀ 'ਜਪਿ' ਸ਼ਬਦ 'ਤੂੰ ਜਪ' ਦੇ ਅਰਥ ਨਾਲ ਆਇਆ ਹੈ, ਉਥੇ ਇਹਦੇ ਪਪੇ ਨਾਲ ਜ਼ਰੂਰ ਸਿਹਾਰੀ ਹੁੰਦੀ ਹੈ ਅਤੇ ਜਿਥੇ 'ਜਪੁ' ਨਾਂਵ ਕਰਕੇ ਵਰਤਿਆ ਹੈ, ਉਥੇ ਇਹਦੇ ਪਪੇ ਨਾਲ ਔਂਕੜ ਹੁੰਦਾ ਹੈ, ਜਾਂ ਪਪਾ ਮੁਕਤਾ ਹੁੰਦਾ ਹੈ—'ਜਪਿ ਜਨ ਸਦਾ ਸਦਾ ਸਦਾ ਦਿਨ ਰੈਣੀ' (ਸੁਖਮਨੀ), 'ਜਪ ਤਪੁ ਸੰਜਮੁ ਧਰਮੁ ਨ ਕਮਾਇਆ' (ਰਹਰਾਸਿ)।'' ਪਰ ਕਈ ਬੀੜਾਂ ਦੇ ਤਤਕਰੇ ਵਿਚ ਇਸ ਬਾਣੀ ਦਾ ਨਾਮ 'ਜਪੁ ਨੀਸਾਣ' ਲਿਖਿਆ ਹੈ। ਬਾਣੀ ਬਿਓਰਾ ਵਿਚ ਲਿਖਿਆ ਹੈ, 'ਅਰਥ ਇਸ (ਜਪੁ) ਦਾ ਜਪਣ ਕ੍ਰਿਯਾ ਵਾਚਕ ਹੈ। ਨੀਸਾਣ ਪਦ ਜਪੁ ਸਾਹਿਬ ਵਿਚ ਦੋ ਵਾਰ ਪ੍ਰਗਟ ਹੈ। (ਉਂਜ ਨੀਸਾਣ ਸ਼ਬਦ

ਜਪੁਜੀ ਵਿਚ ਤਿੰਨ ਵਾਰ ਆਇਆ ਹੈ, ਪਉੜੀ ੩, ੧੬ ਤੇ ੩੮ ਵਿਚ; ਪਰ ਬਾਣੀ ਬੇਓਰਾ ਵਿਚ ਦੋ ਵੇਰ ਲਿਖਿਆ ਹੈ) ।

ਉਚਾ ਵਿਸ਼ਾ ਤੇ ਨਿਪੁੰਨ ਨਿਭਾਅ

ਇਸ ਜਗਤ ਪ੍ਰਸਿਧ ਬਾਣੀ ਦਾ ਕੇਵਲ ਵਿਸ਼ਾ ਹੀ ਉਚਾ ਨਹੀਂ ਸਗੋਂ ਇਸ ਦਾ ਨਿਪੁੰਨ ਨਿਭਾਅ ਵੀ ਚਕ੍ਰਿਤ ਕਰ ਦੇਣ ਵਾਲਾ ਹੈ । ਮਜ਼ਮੂਨ ਦਾ ਆਰੰਭ ਮਨੋ ਵਿਗਿਆਨਕ ਹੈ, ਉਸਾਰੀ ਇਕ ਬੱਝੇ ਪ੍ਰਬੰਧ ਅਨੁਸਾਰ ਤੇ ਸਮਾਪਤੀ ਕਲਾ ਪੂਰਤ ਹੈ । ਆਦਿ ਤੋਂ ਲੈ ਕੇ ਅੰਤ ਤਕ ਠੁੱਕਦਾਰ ਬੋਲੀ ਰਾਹੀਂ ਸੰਖੇਪਤਾ ਦੇ ਨਾਲ ਨਾਲ ਸਪਸ਼ਟਤਾ ਤੇ ਇਕਸੁਰਤਾ ਕਾਇਮ ਰਖਣਾ ਅਤੇ ਭਿੰਨ ਭਿੰਨ ਛੰਦਾਂ ਤੇ ਹੋਰ ਕਾਵਿਕ ਖ਼ੂਬੀਆਂ ਦੀ ਵਰਤੋਂ ਕਰਕੇ ਇਕ ਅਤਿ ਔਖਾ ਵਿਸ਼ਾ ਹੋਣ ਦੇ ਬਾਵਜੂਦ ਇਕ ਰਸ ਕਾਇਮ ਰਖਣਾ ਗੁਰੂ ਨਾਨਕ ਦੇਵ ਵਰਗੇ ਨਿਪੁੰਨ ਕਲਾਕਾਰ ਦਾ ਹੀ ਕਮਾਲ ਹੋ ਸਕਦਾ ਹੈ ।

ਇਹ ਬਾਣੀ ਆਕਾਰ ਨਾਲੋਂ ਵਿਚਾਰ ਕਰਕੇ ਕਈ ਗੁਣਾਂ ਵਧੀਕ ਮਹੱਤਵ ਰਖਦੀ ਹੈ । ਗੁਰੂ ਨਾਨਕ ਸਾਹਿਬ ਦੀ ਇਸ ਉਤਕ੍ਰਿਸ਼ਟ ਰਚਨਾ ਨੂੰ ਸਾਰੀ ਬਾਣੀ ਦਾ ਤਤ ਤੇ ਸਿਰਮੌਰ ਮੰਨਿਆਂ ਜਾਂਦਾ ਹੈ । ਵਿਚਾਰ ਤੇ ਕਲਾ ਦੋਹਾਂ ਹੀ ਪਖਾਂ ਤੋਂ ਇਹ ਸਰਬ ਸ੍ਰੇਸ਼ਟ ਬਾਣੀ ਹੈ । ਸਿਖ ਧਰਮ ਦੇ ਮੂਲ ਸਿਧਾਂਤ ਤ ਮੁਢਲੇ ਨੇਮ ਇਸ ਵਿਚ ਅੰਕਿਤ ਹਨ । ਜਪੁਜੀ ਦੀ ਹੀ ਵਿਚਾਰਾਤਮਕ ਵਿਆਖਿਆ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਕੀਤੀ ਗਈ ਹੈ, ਕਿਉਂਕਿ ਆਦਿ ਗ੍ਰੰਥ ਵਿਚ ਸਾਰੀ ਬਾਣੀ ਜਪੁਜੀ ਦੇ ਮੁਢਲੇ ਵਿਚਾਰਾਂ ਦਾ ਹੀ ਵਿਸਥਾਰ ਤੇ ਨਿਰੂਪਣ ਹੈ ।

ਜਪੁਜੀ ਇਕ ਕਾਮਯਾਬ ਕਾਵਿ-ਨਿਬੰਧ

ਜਪੁਜੀ ਇਕ ਚੋਟੀ ਦੀ ਵਿਚਾਰ ਪ੍ਰਧਾਨ ਕਾਵਿ ਰਚਨਾ ਹੈ । ਇਹ ਸੂਤ੍ਰਿਕਾ ਬਾਣੀ ਇਕ ਪ੍ਰਬੰਧ-ਕਾਵਿ ਤਾਂ ਹੈ ਹੀ ਪਰ ਵਿਸ਼ੇ, ਅਰੰਭ ਉਸਾਰੀ ਤੇ ਸਮਾਪਤੀ ਕਰਕੇ ਇਹ ਇਕ ਬੜਾ ਹੀ ਕਾਮਯਾਬ ਕਾਵਿ-ਨਿਬੰਧ ਵੀ ਹੈ ।

ਨਿਬੰਧ ਦਾ ਭਾਵ ਹੈ—ਬੀੜਨਾ, ਇਕੱਠਿਆਂ ਕਰਨਾ । ਇਕ ਖਾਸ ਵਿਸ਼ੇ ਤੇ ਖਿਆਲਾਂ ਨੂੰ ਲੜੀਵਾਰ ਇਕੱਠਿਆਂ ਕਰਨ ਤੇ ਜੋੜਨ ਦਾ ਨਾਮ ਨਿਬੰਧ ਹੈ । ਅਜੋਕੇ ਸਾਹਿਤ ਮੰਡਲ ਵਿਚ ਨਿਬੰਧ ਦਾ ਪਰਚਲਤ ਭਾਵ ਕੁਝ ਇਸ ਤਰ੍ਹਾਂ ਹੈ । 'ਅਜੇਹਾ ਲੇਖ ਜਿਸ ਵਿਚ ਪਰੰਪਰਾਗਤ ਵਿਚਾਰਾਂ ਦੇ ਨਾਲ ਨਾਲ ਲੇਖਕ ਆਪਣੇ

ਨਿਜੀ ਵਿਚਾਰਾਂ ਭਾਵਾਂ ਅਤੇ ਮਨੋਬਿਰਤੀਆਂ ਦਾ ਪਰਗਟਾਓ ਆਪਣੀ ਭਾਸ਼ਾ ਤੇ ਸ਼ੈਲੀ ਦੁਆਰਾ ਕਰਦਾ ਹੈ' *ਜਾਂ ਇਉਂ ਕਹੋ ਕਿ ਕਿਸੇ ਵਸਤੂ, ਵਿਅਕਤੀ, ਘਟਨਾ ਜਾਂ ਸਿਧਾਂਤ ਆਦਿ ਦੇ ਸਬੰਧ ਵਿਚ ਕੁਝ ਲੜੀਵਾਰ ਵਿਚਾਰਾਂ ਨੂੰ ਲਿੱਪੀ-ਬੱਧ ਕਰਨ ਦਾ ਨਾਂ ਨਿਬੰਧ ਹੈ।'

ਪਰ ਕਵਿਤਾ ਵਿਚ ਲਿਖੇ ਨਿਬੰਧ ਦਾ ਨਾਮ ਹੈ : ਕਾਵਿ-ਨਿਬੰਧ। ਵਾਰਤਕ ਵਿਚ ਲਿਖੇ ਨਿਬੰਧ ਤੇ ਕਾਵਿ-ਨਿਬੰਧ ਵਿਚ ਕੇਵਲ ਇਹੋ ਅੰਤਰ ਨਹੀਂ ਕਿ ਪਹਿਲਾ ਵਾਰਤਿਕ ਵਿਚ ਹੈ ਤੇ ਦੂਜਾ ਕਵਿਤਾ ਵਿਚ। ਪਰ ਜਿਵੇਂ ਵਾਰਤਕ ਵਿਚ ਨਿਬੰਧ ਦੇ ਗਿਣੇ ਮਿਥੇ ਲਛਣ ਨਹੀਂ ਹਨ, ਇੰਜ਼ ਹੀ ਕਾਵਿ-ਨਿਬੰਧ ਦੀ ਭੀ ਕੋਈ ਢਭਵੀਂ ਤਾਰੀਫ਼ ਨਹੀਂ ਕੀਤੀ ਜਾ ਸਕਦੀ। ਹਾਂ ਕਾਵਿ-ਨਿਬੰਧ ਇਕ ਪ੍ਰਬੰਧ ਕਾਵਿ ਹੈ ਪਰ ਹਰ ਪ੍ਰਬੰਧ-ਕਾਵਿ ਕਾਵਿ-ਨਿਬੰਧ ਨਹੀਂ। ਕਾਵਿ-ਨਿਬੰਧ ਦੀ ਤਾਰੀਫ ਇਉਂ ਕੀਤੀ ਜਾ ਸਕਦੀ ਹੈ :

'ਕਿਸੇ ਖਾਸ ਵਿਸ਼ੇ ਨਾਲ ਸਬੰਧਿਤ ਉਹ ਲੰਬੇਰੀ ਕਾਵਿ ਰਚਨਾਂ ਜਿਸ ਦੇ ਵਿਚਾਰ ਲੜੀਵਾਰ, ਜ਼ੰਜੀਰ ਦੀਆਂ ਕੜੀਆਂ ਵਾਂਗੂ ਅਗਾਂਹ ਤੁਰਨ ਤੇ ਕਿਸੇ ਖਾਸ ਆਦਰਸ਼ ਨੂੰ ਛੁਹਣ।'

ਪ੍ਰਬੰਧ-ਕਾਵਿ ਦੇ ਇਹ ਗੁਣ ਜਪੁਜੀ ਸਾਹਿਬ ਦੀ ਬਾਣੀ ਤੇ ਠੀਕ ਉਤਰਦੇ ਹਨ। ਇਕ ਕਾਮਯਾਬ ਕਾਵਿ-ਨਿਬੰਧ ਦੇ 'ਵਾਰਤਕ ਦੇ ਨਿਬੰਧ ਵਾਂਗ' ਕੁਝ ਹੋਰ ਲਛਣ ਭੀ ਹਨ। ਅਜਿਹੀ ਰਚਨਾ ਦਾ ਕਰਮ ਅੱਗੇ ਪਿਛੇ ਨਹੀਂ ਕੀਤਾ ਜਾ ਸਕਦਾ। ਇਸ ਵਿਚ ਕੋਈ ਪਾਤਰ ਨਹੀਂ ਉਸਰਦੇ ਸਗੋਂ ਵਿਚਾਰ ਹੀ ਅਗਾਂਹ ਤੁਰਦੀ ਹੈ। ਇਤਿਹਾਸ ਜਾਂ ਮਿਥਿਹਾਸ ਨਹੀਂ ਹੁੰਦਾ—ਹਾਂ ਵਿਚਾਰ ਨੂੰ ਅਗਾਂਹ ਤੋਰਨ ਜਾਂ ਸਪਸ਼ਟਤਾ ਲਈ ਉਦਾਹਰਣ ਵਜੋਂ ਇਤਿਹਾਸ ਜਾਂ ਮਿਥਿਹਾਸ ਦੇ ਹਵਾਲੇ ਭਾਵੇਂ ਹੋਣ। ਇਹ ਗੁਣ ਭੀ ਜਪੁਜੀ ਸਾਹਿਬ ਦੀ ਬਾਣੀ ਤੇ ਠੀਕ ਢੁਕਦੇ ਹਨ।

ਕਿਸੇ ਕਾਵਿ-ਨਿਬੰਧ ਵਿਚ ਜੋ ਭੀ ਵਿਸ਼ਾ ਲਿਆ ਜਾਏ ਉਸ ਦਾ ਸੂਤਰ ਬੱਧ ਹੋਣਾ ਤਾਂ ਜ਼ਰੂਰੀ ਹੈ ਹੀ, ਉਸ ਦਾ ਨਿਭਾਅ ਭੀ ਸੰਪੂਰਨ ਹੋਣਾ ਲਾਜ਼ਮੀ ਹੈ। ਭਾਵੇਂ ਛੰਦ ਤੇ ਤੁਕਾਂਤ ਬਦਲਦੇ ਰਹਿਣ, ਅਲੰਕਾਰਾਂ ਤੇ ਉਪਮਾਵਾਂ ਰਾਹੀਂ ਰਸ ਤੇ ਰੰਗ ਕਾਇਮ ਰਖਿਆ ਜਾਣਾ ਤੇ ਉਸ ਵਿਚ ਬੱਝਵਾਂ ਵੇਗ ਤੇ ਸਰੋਦ ਵੀ ਲੋੜੀਂਦਾ

*ਆਲੋਚਨਾ ਮਈ ੧੯੬੨

ਹੈ । ਇਕ ਕਾਵਿ-ਨਿਬੰਧ ਦੀਆਂ ਇਹ ਗਲਾਂ ਭੀ ਜਪੁਜੀ ਦੀ ਬਾਣੀ ਤੇ ਪੂਰੀਆਂ ਢੁਕਦੀਆਂ ਹਨ ।

ਕਾਵਿਕ ਗੁਣਾਂ ਕਰਕੇ ਕਾਵਿ-ਨਿਬੰਧ ਦੀ ਪਰਖ ਕੇਵਲ ਵਿਸ਼ੇ ਜਾਂ ਵਿਸ਼ੇ ਦੀ ਉਸਾਰੀ ਉਪਰ ਹੀ ਨਿਰਭਰ ਨਹੀਂ, ਕਾਵਿਕ ਖ਼ੂਬੀਆਂ ਤੇ ਭੀ ਆਧਾਰਤ ਹੈ। ਵਾਰਤਕ ਵਿਚ ਲਿਖੇ ਨਿਬੰਧ ਦੇ ਸਾਰੇ ਗੁਣ ਜਾਂ ਲਛਣ ਕਾਵਿ-ਨਿਬੰਧ ਤੇ ਲਾਗੂ ਨਹੀਂ ਹੋ ਸਕਦੇ । ਮਿਸਾਲ ਵਜੋਂ, ਵਾਰਤਕ ਵਿਚ ਜੇ ਕੋਈ ਸ਼ਬਦ ਮੁੜ ਮੁੜ ਕੇ ਦੁਹਰਾਇਆ ਜਾਏ ਤਾਂ ਇਹ ਇਕ ਔਗਣ ਹੈ ਤੇ ਚੰਗੀ ਵਾਰਤਕ ਦੀ ਨਿਸ਼ਾਨੀ ਨਹੀਂ, ਪਰ ਇਕ ਕਾਵਿ-ਨਿਬੰਧ ਵਿਚ ਕਈ ਵਾਰੀ ਇਕੋ ਸ਼ਬਦ ਦੀ ਮੁੜ ਮੁੜ ਕੇ ਵਰਤੋਂ ਸੰਗੀਤਕ ਲੈ ਤੇ ਰਸ ਪੈਦਾ ਕਰਦੀ ਹੈ । ਜਪੁਜੀ ਸਾਹਿਬ ਦੀਆਂ ਕਈ ਪਉੜੀਆਂ ਜਾਂ ਤਾਂ ਇਕੋ ਸ਼ਬਦ ਨਾਲ ਸ਼ੁਰੂ ਹੁੰਦੀਆਂ ਹਨ ਜਾਂ ਇਕੋ ਸ਼ਬਦਾਂ ਨਾਲ ਖ਼ਤਮ ਹੁੰਦੀਆਂ ਹਨ । ਜਿਵੇਂ ਸੁਣਿਐ, ਮੰਨੈ, ਅਸੰਖ, ਅੰਤ, ਅਮੁਲ ਆਦਿ ਸ਼ਬਦਾਂ ਨਾਲ ਸ਼ੁਰੂ ਹੋਣ ਵਾਲੀਆਂ ਪਾਉੜੀਆਂ । ਪਉੜੀ ੫ ਤੇ ੬ ਦੇ ਅੰਤ ਵਿਚ ਹੈ :

ਗੁਰਾ ਇਕ ਦੇਹਿ ਬੁਝਾਈ ।
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ।
ਪਉੜੀ ੮,੯,੧੦,੧੧ ਦਾ ਅੰਤ ਹੁੰਦਾ ਹੈ ਇਸ ਤੁਕ ਨਾਲ :
'ਨਾਨਕ ਭਗਤਾ ਸਦਾ ਵਿਗਾਸੁ ।
ਸੁਣਿਐ ਦੂਖ ਪਾਪ ਕਾ ਨਾਸੁ ।
ਮੰਨੈ ਦੀਆਂ ਪਉੜੀਆਂ ਦਾ ਅੰਤ ਹੈ :
ਐਸਾ ਨਾਮ ਨਿਰੰਜਨ ਹੋਇ ।
ਜੇ ਕੋ ਮੰਨਿ ਜਾਣੈ ਮਨਿ ਕੋਇ ।

ਇੰਜ ਹੀ ਪਉੜੀ ੧੬ ਤੋਂ ੧੯ ਤਕ ਚਾਰ ਪਉੜੀਆਂ ਦੀਆਂ ਅਤਲੀਆਂ ਤੁਕਾਂ ਇਕੋ ਹਨ ਤੇ ਉਹ ਹਨ :

ਕੁਦਰਤਿ ਕਵਣ ਕਹਾ ਵੀਚਾਰ।
ਵਾਰਿਆ ਨ ਜਾਵਾ ਏਕ ਵਾਰ ।
ਜੋ ਤੁਧੁ ਭਾਵੈ ਸਾਈ ਭਲੀ ਕਾਰ ।
ਤੂ ਸਦਾ ਸਲਾਮਤਿ ਨਿਰੰਕਾਰ ।
ਅਤੇ ੨੮ ਤੋਂ ੩੧ ਤਕ ਫਿਰ ਚਾਰ ਪਉੜੀਆਂ ਦਾ ਅੰਤ ਇਕੋ ਹੀ ਹੈ ।

ਆਦੇਸੁ ਤਿਸੈ ਆਦੇਸੁ ।
ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ।

ਜਪੁਜੀ-ਇਕ ਅਮੁਲ ਰਚਨਾ

ਕਾਮਯਾਬ ਨਿਬੰਧ ਭਾਵੇਂ ਵਾਰਤਕ ਵਿਚ ਹੋਵੇ ਤੇ ਭਾਵੇਂ ਕਵਿਤਾ ਵਿਚ, ਉਸ ਦਾ ਅਸਰ ਚਿਰ ਰਹਿਣਾ ਹੁੰਦਾ ਹੈ। ਉਸ ਵਿਚ ਅੰਕਿਤ ਕਈ ਵਿਚਾਰ ਹਵਾਲੇ ਬਣ ਕੇ ਵਰਤੀਣ ਲਗ ਜਾਂਦੇ ਹਨ ਤੇ ਕਈ ਤੁਕਾਂ ਮੁਹਾਵਰੇ ਬਣ ਜਾਂਦੀਆਂ ਹਨ। ਵਾਰਤਕ ਵਿਚ ਲਿਖੇ ਨਿਬੰਧ ਵਿਚੋਂ ਕੁਝ ਸ਼ਬਦ ਜਾਂ ਕੁਝ ਵਾਕ ਹੀ ਯਾਦ ਰਹਿ ਸਕਦੇ ਹਨ ਪਰ ਇਹ ਇਕ ਕਾਵਿ-ਨਿਬੰਧ ਦੀ ਹੀ ਖੂਬੀ ਹੈ ਕਿ ਸਾਰੇ ਦਾ ਸਾਰਾ ਕਾਵਿ-ਨਿਬੰਧ ਕਾਵਿਕ ਗੁਣਾਂ ਕਰਕੇ ਹਜ਼ਾਰਾਂ ਲੋਕਾਂ ਨੂੰ ਯਾਦ ਹੋ ਸਕਦਾ ਹੈ ਇਸ ਦੀ ਜੀਂਦੀ ਜਾਗਦੀ ਮਿਸਾਲ ਜਪੁਜੀ ਹੈ, ਜੋ ਕਿ ਹਜ਼ਾਰਾਂ ਨਹੀਂ ਸਗੋਂ ਲਖਾਂ ਨੂੰ ਯਾਦ ਹੈ। 'ਅੰਮ੍ਰਿਤ ਬਚਨ' ਚਾਹੇ ਉਹ ਨਜ਼ਮ ਵਿਚ ਹਨ ਜਾਂ ਨਸਰ ਵਿਚ, ਉਨ੍ਹਾਂ ਵਿਚ ਬਹੁਤ ਹੀ ਨੇੜਤਾ ਆ ਜਾਂਦੀ ਹੈ। ਪ੍ਰੋ: ਪੂਰਨ ਸਿੰਘ ਦੇ ਇਹ ਸ਼ਬਦ ਕਿਤਨੇ ਭਾਵ ਪੂਰਤ ਹਨ : 'ਨਸਰ ਤੇ ਨਜ਼ਮ ਵਿਚ ਫਰਕ ਬੜਾ ਘਟ ਰਹਿ ਜਾਂਦਾ ਹੈ ਜਦ ਕਿ ਅਨੁਭਵੀ ਪੁਰਸ਼ਾਂ ਦੇ ਵਚਨਾਂ ਦੀ ਮਿਠਤ ਦੀ ਗੋਂਦ ਹੋਵੇ। ਅੰਮ੍ਰਿਤ ਬਚਨ ਨਸਰ ਵਿਚ ਵੀ ਨਜ਼ਮ ਹਨ ਤੇ ਨਜ਼ਮ ਵਿਚ ਰੱਬੀ ਗੀਤ ਹਨ।' ਉੱਚੇ ਸੁੱਚੇ ਬੋਲ ਤੇ ਦਰਸ਼ਨ ਭਰਪੂਰ ਵਿਚਾਰ ਭਾਵੇਂ ਕਵਿਤਾ ਦੇ ਜਾਮੇ ਵਿਚ ਹਨ ਤੇ ਭਾਵੇਂ ਵਾਰਤਕ ਰੂਪ ਵਿਚ, ਉਹ ਬਹੁਮੁਲੇ ਹਨ। ਕੀ ਗੁਰੂ ਨਾਨਕ ਸਾਹਿਬ ਦੀ ਅਮਰ ਤੇ ਸਰਬੋਤਮ ਬਾਣੀ ਜਪੁਜੀ ਸਾਹਿਬ ਦਾ ਕੋਈ ਮੁੱਲ ਪਾ ਸਕਦਾ ਹੈ ?

ਸ੍ਰੀ ਗੁਰੂ ਨਾਨਕ ਸਾਹਿਬ ਦੇ ਪਵਿਤ੍ਰ ਜੀਵਨ ਨੂੰ ਪੜ੍ਹਿਆਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਨੇ ਆਪਣੇ ਮਿਸ਼ਨ ਦੇ ਪਰਚਾਰ ਲਈ, ਰੱਬੀ ਏਕਤਾ ਨੂੰ ਸਮਝਾਣ ਲਈ, ਸਮਾਜਕ ਤਰੁਟੀਆਂ ਦੂਰ ਕਰਨ ਲਈ ਆਚਾਰ ਉੱਚਾ ਤੇ ਵਿਚਾਰ ਸੁੱਚਾ ਕਰਨ ਲਈ ਵਖ ਵਖ ਅਵਸਰਾਂ ਤੇ ਪਵਿਤ੍ਰ ਬਾਣੀ ਦਾ ਉਚਾਰਨ ਕੀਤਾ। ਉਂਜ ਤਾਂ ਮਹਾਰਾਜ ਦੀ ਸਾਰੀ ਬਾਣੀ ਹੀ ਬੜਾ ਹੀ ਉਚਾ ਦਰਜਾ ਰਖਦੀ ਹੈ ਪਰ ਜਪੁਜੀ ਦਾ ਇਕ ਖਾਸ ਦਰਜਾ ਤੇ ਵਿਲਖਣ ਉੱਚਤਾ ਹੈ। ਇਸ ਦੀ ਕੀਮਤ ਪਾਈ ਨਹੀਂ ਜਾ ਸਕਦੀ।

ਜਪੁਜੀ ਦੀ ਸਮਰਥਾ

ਜਪੁਜੀ ਸਾਹਿਬ ਦੀ ਸਮਰਥਾ ਉਸ ਦੇ ਪ੍ਰਬੰਧ ਕਾਵਿ ਹੋਣ ਵਿਚ ਹੈ। ਇਕ ਕਾਵਿ-ਨਿਬੰਧ ਦੀਆਂ ਵੱਖ ਵੱਖ ਟੁਕੜੀਆਂ ਕਿਸੇ ਇਕ ਵਿਸ਼ੇ ਨੂੰ ਲੈ ਕੇ ਉਸ ਵੱਲ ਤੁਰਦੀਆਂ ਹਨ, ਉਸ ਦੀ ਇਕ ਇਕ ਤੁਕ ਇਕ ਇਕ ਖਿਆਲ ਨੂੰ ਉਸਾਰਨ ਵਿਚ ਸਹਾਈ ਹੁੰਦੀ ਹੈ ਤੇ ਇਕ ਇਕ ਖਿਆਲ ਉਸ ਸਾਰੇ ਵਿਸ਼ੇ ਨੂੰ ਨਿਭਾਣ ਲਈ ਘੜਿਆ ਜਾਂਦਾ ਹੈ, ਤੇ ਜਪੁਜੀ ਦੀਆਂ ਪਉੜੀਆਂ ਤੇ ਹਰ ਪਾਉੜੀ ਦੀ ਇਕ ਇਕ ਤੁਕ ਖਾਸ ਵਿਸ਼ੇ ਤੇ ਆਦਰਸ਼ ਲਈ ਘੜੀਤੇ ਜੜੀ ਗਈ ਹੈ। ਜਿਵੇਂ ਵਾਰਤਕ ਨਿਬੰਧ ਵਿਚ ਇਕ ਇਕ ਖਿਆਲ ਲਈ ਪੈਰੇ ਬਣਦੇ ਹਨ ਕਾਵਿ-ਨਿਬੰਧ ਵਿਚ ਬੰਦ ਜਾਂ ਪਉੜੀਆਂ ਹੁੰਦੀਆਂ ਹਨ, ਜਿਨ੍ਹਾਂ ਨਾਲ ਤੁਕਾਂਤ ਤੇ ਕਈ ਵੇਰੀ ਛੰਤ ਰੂਪ ਵੀ ਬਦਲ ਜਾਂਦਾ ਹੈ, ਪਰ ਸ਼ੈਲੀ ਦੀ ਇਕਸਾਰਤਾ ਤੇ ਖਿਆਲਾਂ ਦੀ ਇਕਸਾਰਤਾ ਕਾਇਮ ਰਖਣੀ ਬੜੀ ਜ਼ਰੂਰੀ ਹੁੰਦੀ ਹੈ। ਇਸ ਲਿਹਾਜ਼ ਨਾਲ ਜਪੁਜੀ ਸਾਹਿਬ ਇਕ ਅਤਿ ਕਾਮਯਾਬ ਕਾਵਿ-ਨਿਬੰਧ ਹੈ।

ਜਪੁਜੀ ਦੇ ਆਦਿ ਤੇ ਅੰਤਲੇ ਸ਼ਲੋਕਾਂ ਤੇ ਵਿਚਲੀਆਂ ਅਠੱਤੀ ਪਉੜੀਆਂ ਮਿਲਾ ਕੇ ਇਸ ਬਾਣੀ ਦੇ ਕੁਲ ਚਾਲੀ ਬੰਦ ਹਨ। ਇਹ ਸਾਰੇ ਬੰਦ ਇਕ ਸੁੰਦਰ ਮਾਲਾ ਦੇ ਮਣਕਿਆਂ ਵਾਂਗ ਪਰੁਤੇ ਪਏ ਹਨ—ਮੂਲ ਮੰਤ੍ਰ (੧ਓ ਤੋਂ ਗੁਰਪ੍ਰਸਾਦਿ ਤਕ) ਸ਼੍ਰੋਮਣੀ ਮਣਕਾ ਹੈ। ਇਹ ਸਾਰੀ ਬਾਣੀ ਚਾਰ ਚਾਰ ਪਉੜੀਆਂ ਦੀਆਂ ਦਸ ਮੰਜ਼ਲਾਂ ਵਿਚ ਸਹਿਜੇ ਹੀ ਵੰਡੀ ਜਾ ਸਕਦੀ ਹੈ। ਸੁਣਿਐ, ਮੰਨੈ, ਅਸੰਖ ਤੇ ਆਦੇਸ ਵਾਲੀਆਂ ਚਾਰ ਚਾਰ ਇਕਠੀਆਂ ਪਉੜੀਆਂ ਵਿਚ ਤਾਂ ਇਹ ਤਰਤੀਬ ਸਾਫ਼ ਪਈ ਦਿਸਦੀ ਹੈ। ਇੰਜ ਇਹ ਇਕ ਪ੍ਰਬੰਧ ਹੇਠ ਪ੍ਰਬੰਧ ਕਾਵਿ ਹੈ ਤੇ ਚੂੰਕਿ ਇਸ ਬਾਣੀ ਦੀਆਂ ਸਾਰੀਆਂ ਪਉੜੀਆਂ ਵਿਚ ਵਿਚਾਰ ਸੰਗਲੀ ਸਾਫ਼ ਜ਼ਾਹਿਰ ਹੈ ਇਸ ਲਈ ਇਹ ਇਕ ਕਾਵਿ-ਨਿਬੰਧ ਵੀ ਹੈ।

ਜਪੁਜੀ ਦਾ ਕੇਂਦਰੀ ਵਿਸ਼ਾ

'ਜਪੁਜੀ' ਦਾ ਕੇਂਦਰੀ ਵਿਸ਼ਾ ਉਸ 'ਸੱਚ' ਰੂਪ ਕਰਤਾ ਪੁਰਖ ਦੀ ਵਿਆਖਿਆ ਹੈ ਜਿਸ ਨੂੰ ਆਦਿ ਸ਼ਲੋਕ ਵਿਚ 'ਆਦਿ ਸਚੁ, ਜੁਗਾਦ ਸਚੁ ਹੈਭੀ ਸਚੁ ਨਾਨਕ ਹੋਸੀ ਭੀ ਸਚੁ' ਕਹਿ ਕੇ ਸਤਿ ਰੂਪ ਦਸਿਆ ਗਿਆ ਹੈ। ਜੋ ਸਦਾ ਕਾਇਮ ਹੈ, ਸਮੇਂ ਤੇ ਸਥਾਨ ਨਾਲ ਬਦਲਦਾ ਨਹੀਂ। ਜੋ ਕਿਰਤਮ ਨਹੀਂ ਸਗੋਂ ਕਰਤਾ ਹੈ।

ਇਸ ਬਾਣੀ ਵਿਚ ਗੁਰੂ ਨਾਨਕ ਦੇਵ ਨੇ 'ਸਚੁ' ਦੀ ਪ੍ਰਿਭਾਸ਼ਾ ਦੇ ਕੇ 'ਸਚਿਆਰ' ਬਣਨ ਦੇ ਸਾਧਨ ਦਰਸਾਏ ਹਨ। ਪਹਿਲੀ ਪਉੜੀ ਵਿਚ ਹੀ ਇਹ ਪ੍ਰਸ਼ਨ ਹੈ ਕਿ 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ' ਇਸੇ ਪਉੜੀ ਵਿਚ ਇਸ ਪ੍ਰਸ਼ਨ ਤੋਂ ਪਹਿਲੀਆਂ ਤੁਕਾਂ ਵਿਚ ਉਦੋਂ ਤੀਕ ਅਜ਼ਮਾਏ ਜਾ ਚੁਕੇ ਤਰੀਕਿਆਂ ਦਾ ਮੁਲ ਅੰਕਣ ਕਰਕੇ ਫਿਰ ਆਪਣਾ ਤਰੀਕਾ ਦਸਿਆ ਹੈ। ਇਕ ਚੰਗੇ ਨਿਬੰਧ ਵਾਂਗ ਇਸ ਬਾਣੀ ਦਾ ਆਰੰਭ ਸਿੱਧਾ ਹੈ, ਸਪਸ਼ਟ ਹੈ ਤੇ ਇਸ ਪ੍ਰਸ਼ਨ ਦੁਆਰਾ ਕੀਲਣ ਵਾਲਾ ਹੈ। ਸੰਖੇਪਤਾ ਤੇ ਇਕਸੁਰਤਾ ਕਿਸੇ ਭੀ ਨਿਬੰਧ ਦੇ ਚੰਗੇ ਗੁਣ ਹਨ ਤੇ ਜਪੁਜੀ ਇਹਨਾਂ ਗੁਣਾਂ ਦਾ ਇਕ ਅਦੁਤੀ ਨਮੂਨਾ ਹੈ।

ਖਿਆਲਾਂ ਦੀ ਸੁਚੱਜੀ ਉਸਾਰੀ—

ਸਭ ਤੋਂ ਪਹਿਲਾਂ ਤਾਂ 'ਸਤਿ ਚਿਤ ਆਨੰਦ' ਦਾ ਪ੍ਰੀਚਯ ਹੈ। ਅਗੇ ਉਸ ਦੀ ਵਡਿਆਈ ਤੇ ਫਿਰ ਉਸ ਦੀ ਪ੍ਰਾਪਤੀ ਦੇ ਸਾਧਨ ਦਰਸਾਂਦੇ ਹੋਏ ਸਤਿਗੁਰੂ ਦੀ ਉਪਮਾ ਤੇ ਉਸ ਦੀ ਸਿਖਿਆ ਦੀ ਲੋੜ ਤੇ ਜ਼ੋਰ ਦਿੱਤਾ ਹੈ, ਅਤੇ ਅੰਤ ਵਿਚ ਜੀਵ ਆਤਮਾ ਨੇ ਜਿਹਨਾਂ ਮੰਜ਼ਲਾਂ ਨੂੰ ਤੈਅ ਕਰਕੇ ਆਤਮਕ ਮੰਡਲਾਂ ਦੇ ਹੁਲਾਰੇ ਲੈਂਦੇ ਹੋਏ ਸਚਿਆਰ ਬਣਕੇ ਸਚ ਖੰਡ ਵਿਚਰਨਾ ਹੈ ਉਸਦਾ ਵਰਨਣ ਹੈ।

ਸੱਚਿਆਰ ਹੋਣ ਦਾ ਸਾਧਨ ਦਸਦੇ ਹੋਏ ਗੁਰੂ ਜੀ ਨੇ 'ਹੁਕਮ' ਦੀ ਮਹੱਤਤਾ ਦਰਸਾਈ ਹੈ ਤੇ ਫਿਰ ਉਸ ਸੱਚੇ ਗੁਰੂ ਦੀ ਮਹਾਨਤਾ ਉਜਾਗਰ ਕੀਤੀ ਹੈ, ਜਿਸ ਦੁਆਰਾ ਕਿ ਹੁਕਮ ਦੀ ਸੋਝੀ ਮਿਲਦੀ ਹੈ। ਗੁਰੂ ਦੀ ਸਿਖਿਆ ਸੁਣਨ, ਮੰਨਣ ਤੇ ਪਰਵਾਨ ਹੋਣ ਦੇ ਸਾਰੇ ਹੀ ਪੱਖ ਦਸੇ ਹਨ। ਪ੍ਰਭੂ ਮਿਲਾਪ ਦਾ ਪ੍ਰਮੁਖ ਸਾਧਨ ਭਗਤੀ ਹੀ ਦਸਿਆ ਹੈ ਜੋ ਕਿ ਗੁਰੂ ਦੁਆਰਾ ਪ੍ਰਾਪਤ ਹੁੰਦੀ ਹੈ। ਭਗਤੀ ਨੂੰ ਗਿਆਨ ਤੇ ਦਰਸ਼ਨ ਨਾਲੋਂ ਵਖਰਾ ਨਿਖੇੜਿਆ ਹੈ। ਉਸ ਸਮੇਂ ਦੇ ਪਰਚਲਤ ਮਤਾਂ ਦਾ ਮੁੱਲ ਅੰਕਣ ਵੀ ਕੀਤਾ ਹੈ ਤੇ ਸਦਾਚਾਰਕ ਕੀਮਤਾਂ ਦੇ ਸੁਝਾਅ ਵੀ ਦਿੱਤੇ ਹਨ। ਅੰਤ ਵਿਚ ਅਧਿਆਤਮਕ ਉਨਤੀ ਦੇ ਵੱਖ ਵੱਖ ਪੜਾਅ ਧਰਮ, ਗਿਆਨ, ਸਰਮ ਤੇ ਕਰਮ ਖੰਡਾਂ ਦਾ ਨਿਰਣਯ ਕਰਕੇ ਸਚਿਆਰ ਦੀ ਸਰਬ ਸਰੇਸ਼ਟ 'ਸਚ ਖੰਡ' ਦੀ ਅਕਥਨੀਯ ਪਦਵੀ ਨਾਲ ਪਰੀਚਯ ਕਰਵਾਇਆ ਹੈ। ਇਹੋ ਜਪੁਜੀ ਦਾ ਕੇਂਦਰੀ ਵਿਸ਼ਾ ਹੈ ਤੇ ਗੁਰੂ ਸਾਹਿਬ ਨੇ ਜਿਸ ਸਫਲਤਾ ਨਾਲ ਇਸ ਨੂੰ ਨਿਭਾਇਆ ਹੈ ਉਹ ਵਿਚਾਰ ਕੇ ਅਕਲ ਦੰਗ ਰਹਿ ਜਾਂਦੀ ਹੈ।

ਇੰਜ ਗੁਰੂ ਜੀ ਨੇ ਆਪਣੀ ਇਸ ਮਹਾਨ ਰਚਨਾ ਦੁਆਰਾ ਮਨੁਖੀ ਜੀਵਨ ਦਾ ਅਸਲ ਮਨੋਰਥ ਪਰਮ ਸਚ ਵਿਚ ਅਭੇਦਤਾ ਦਸਿਆ ਹੈ। ਇਸ ਮਨੋਰਥ ਦੀ ਪ੍ਰਾਪਤੀ ਲਈ ਮਨੁਖ ਤੇ ਰੱਬ ਵਿਚਕਾਰ ਜੋ 'ਕੂੜ ਦੀ ਪਾਲ' ਹੈ, ਉਸ ਨੂੰ ਤੋੜਨ ਦੇ ਸਾਧਨ ਦਰਸਾਏ ਹਨ। ਇਤਨੇ ਔਖੇ ਤੇ ਪੇਚਦਾਰ ਮਸਲੇ ਦਾ ਹੱਲ ਗੁਰੂ ਜੀ ਨੇ ਬੜੇ ਸਰਲ ਢੰਗ ਨਾਲ ਕੀਤਾ ਹੈ ਕਿ ਪੜ੍ਹ ਕੇ ਮਨ ਵਿਸਮਾਦ ਵਿਚ ਆ ਜਾਂਦਾ ਹੈ।

ਇਸ ਮਹਾਨ ਰਚਨਾ ਵਿਚ ਮਨੁਖੀ ਜੀਵਨ ਦਾ ਸਭ ਤੋਂ ਉਚਾ ਗਿਆਨ ਹੈ। ਇਸ ਵਿਚ ਮਨ ਨੂੰ ਅਜੇਹੇ ਸਾਂਚੇ ਵਿਚ ਢਾਲਣ ਅਤੇ ਉਹਦੇ ਉਤੇ ਅਜੇਹੀ ਹਾਲਤ ਲਿਆਉਣ ਦਾ ਢੰਗ ਦਸਿਆ ਹੈ ਕਿ ਸਾਨੂੰ ਜੋ ਭੀ ਗੁੰਝਲਾਂ ਆ ਪੈਣ ਉਹਨਾਂ ਨੂੰ ਸੌਖੇ ਹੀ ਹਲ ਕਰ ਸਕੀਏ। ਜਪੁਜੀ ਸਾਹਿਬ ਨੂੰ ਗਹੁ ਨਾਲ ਵਿਚਾਰਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜੀਵ ਦਾ ਰਬ ਨਾਲੋਂ ਵਿਛੋੜਾ ਤੇ ਭਟਕਣ ਅਗਿਆਨਤਾ ਦੇ ਕਾਰਨ ਹੈ ਪਰ ਜੇ ਗੁਰੂ ਦੀ ਆਗਿਆ ਦਾ ਪਾਲਣ ਕਰਦੇ ਹੋਏ ਉਸ ਦੀ ਭਗਤੀ ਕਰਨ ਵਿਚ ਜੁਟ ਜਾਈਏ ਤਾਂ ਸਿਮਰਨ ਦੀ ਟਕਸਾਲ ਉਤੇ ਮਨ ਨੂੰ ਘੜਿਆਂ ਸੁਤੇ ਸਿਧ ਹੀ ਜਤ, ਧੀਰਜ, ਮਤਿ, ਗਿਆਨ, ਭਉ, ਘਾਲ, ਤੇ ਪ੍ਰੇਮ ਜ਼ੇਹੇ ਉਤਮ ਗੁਣ ਜੀਵਨ ਦਾ ਸਦੀਵ ਅੰਗ ਬਣ ਜਾਂਦੇ ਹਨ। ਅਜੇਹੇ ਮਨੁਖ ਨਾ ਕੇਵਲ ਆਪ ਹੀ ਦਰਗਾਹ ਵਿਚ ਸੁਰਖਰੂ ਹੋ ਨਿਬੜਦੇ ਹਨ ਤੇ ਆਪਣੀ ਘਾਲਣਾ ਸਫਲ ਕਰ ਜਾਂਦੇ ਹਨ ਸਗੋਂ ਉਹਨਾਂ ਦੀ ਸੰਗਤ ਨਾਲ ਹੋਰ ਵੀ ਕਈ ਜੀਵ ਇਸ ਮਾਰਗ ਤੇ ਚਲ ਕੇ ਛੁਟਕਾਰਾ ਪਾ ਜਾਂਦੇ ਹਨ।

ਫ਼ਲਸਫ਼ਾ ਤੇ ਤਰਕ

ਚੂੰਕਿ ਇਕ ਖ਼ਾਸ ਦਰਸ਼ਨ ਨੂੰ ਨਿਰੂਪਣ ਕਰਨਾ ਇਸ ਬਾਣੀ ਦਾ ਮੁਖ ਉਦੇਸ਼ ਹੈ ਇਸ ਲਈ ਦਾਰਸ਼ਨਿਕ ਪੱਖ ਤੋਂ ਇਹ ਰਚਨਾ ਸਰਬੋਤਮ ਹੈ। ਨਿਰਾ ਦਰਸ਼ਨ ਹੀ ਨਹੀਂ ਹੈ ਰਹਿਸਵਾਦੀ ਅੰਸ਼ ਵੀ ਭਰਪੂਰ ਹੈ। ਦਰਸ਼ਨ ਲਈ ਤਰਕ ਜ਼ਰੂਰੀ ਹੈ। ਪਰ ਕਵਿਤਾ ਵਿਚ ਦਲੀਲ ਦੀ ਉਹ ਥਾਂ ਨਹੀਂ ਜੋ ਕਿ ਵਾਰਤਕ ਵਿਚ ਹੈ। ਇਕ ਵਾਰਤਕ ਨਿਬੰਧ ਵਿਚ ਦਲੀਲਾਂ ਦੁਆਰਾ ਹੀ ਖਿਆਲਾਂ ਦੀ ਉਸਾਰੀ ਹੁੰਦੀ ਹੈ, ਪਰ ਕਾਵਿ-ਨਿਬੰਧ ਵਿਚ ਕਾਵਿਕ ਤਰਕ (Poetic Logic) ਹੁੰਦੀ ਹੈ। ਨਸਰ ਵਾਲੀ ਦਲੀਲ ਨਜ਼ਮ ਨੂੰ ਪਤਲਾ ਕਰ ਦਿੰਦੀ ਹੈ ਤਾਹੀਓਂ ਰਹਸਵਾਦੀ ਤੇ ਅਧਿਆਤਮਕ ਕਵੀ ਤਰਕ ਦੀ ਘਟ ਤੋਂ ਘਟ ਵਰਤੋਂ ਕਰਦਾ ਹੈ। ਗੁਰੂ ਨਾਨਕ ਸਾਹਿਬ ਐਸੇ ਨਿਪੁੰਨ ਕਲਾਕਾਰ ਹਨ ਕਿ ਉਹਨਾਂ ਨੂੰ ਇਹ ਪੂਰਨ ਗਿਆਨ ਹੈ ਕਿ

ਕਿਥੇ ਤਟਕ ਰਾਹੀਂ ਉਹ ਆਪਣੇ ਵਿਚਾਰਾਂ ਵਿਚ ਸ਼ਕਤੀ ਤੇ ਭਰਪੂਰ ਅਸਰ ਪੈਦਾ ਕਰ ਸਕਦੇ ਹਨ। ਮਿਸਾਲ ਵਜੋਂ :—

ਧੌਲ ਧਰਮੁ ਦਇਆ ਕਾ ਪੂਤੁ।
ਸੰਤੋਖ ਥਾਪ ਰਖਿਆ ਜਿਨਿ ਸੂਤਿ।
ਜੇ ਕੋ ਬੁਝੈ ਹੋਵੈ ਸਚਿਆਰੁ।
ਧਵਲੈ ਉਪਰਿ ਕੇਤਾ ਭਾਰੁ।
ਧਰਤੀ ਹੋਰੁ ਪਰੈ ਹੋਰੁ ਹੋਰੁ।
ਤਿਸ ਤੇ ਭਾਰੁ ਤਲੈ ਕਵਣੁ ਜੋਰੁ।

ਇਥੇ ਤਟਕ ਹੈ, ਪਰ ਇਹ ਤਰਕ ਜ਼ਰਾ ਜਿਤਨੀ ਭੀ ਬੋਝਲ ਨਹੀਂ। ਇਸ ਨੇ ਜ਼ਰਾ ਜਿਤਨਾ ਭੀ ਰੁਖਾਪਣ ਜਾਂ ਪਤਲਾਪਣ ਨਹੀਂ ਲਿਆਂਦਾ, ਸਗੋਂ ਵਿਚਾਰਾਂ ਨੂੰ ਦ੍ਰਿੜ੍ਹਤਾ ਦਿੱਤੀ ਹੈ।

ਦਰਸ਼ਨ. ਅਨੁਭਵ ਤੇ ਸ਼ਬਦ

ਇਸ ਦਰਸ਼ਨ ਭਰਪੂਰ ਬਾਣੀ ਵਿਚ ਤਰਕ ਨਾਲੋਂ ਅਨੁਭਵ ਅਤੇ ਅਨੁਭਵ ਨਾਲੋਂ ਵੀ 'ਸ਼ਬਦ' ਦੀ ਕਿਧਰੇ ਵਧ ਮਹਾਨਤਾ ਹੈ। ਤਰਕ ਵਿਚ ਖਿਆਲਾਂ ਦੀ ਪਕਿਆਈ ਲਿਆਂਦੀ ਹੈ। ਕਲਪਨਾ ਬਿੰਬ ਘੜਨ ਵਿਚ ਤੇ ਰੂਪ ਰੰਗ ਰਸ ਚਿਤਰਨ ਵਿਚ ਭਾਵੇਂ ਸਹਾਈ ਹੋਵੇ ਯਥਾਰਥ ਗਿਆਨ ਦੀ ਪ੍ਰਾਪਤੀ ਤੇ ਗਿਆਨ ਨੂੰ ਦਰਸਾਣ ਲਈ ਸਿਧੇ ਤੌਰ ਤੇ ਸਾਧਨ ਨਹੀਂ ਬਣ ਸਕਦੀ। ਕਲਪਨਾ ਬਾਣੀ ਦੀ ਪ੍ਰਾਪਤੀ ਦਾ ਸਾਧਨ ਨਹੀਂ—ਬਾਣੀ, ਸੱਚੀ ਬਾਣੀ ਤਾਂ ਸ਼ਬਦ ਦੁਆਰਾ ਸੁਤੇ ਸਿਧ ਮਨ ਵਿਚ ਪ੍ਰਕਾਸ਼ਮਾਨ ਹੁੰਦੀ ਹੈ। ਹਾਂ ਬਾਣੀ ਨੂੰ ਚਿਤਰਨ ਵਿਚ ਕਲਪਨਾ ਤੇ ਤਰਕ ਦੋਵੇਂ ਸਹਾਈ ਹੁੰਦੀਆਂ ਹਨ। ਪਰ ਸ਼ਬਦ, ਜਿਸ ਦੁਆਰਾ ਬਾਣੀ ਦਾ ਪ੍ਰਕਾਸ਼ ਹੁੰਦਾ ਹੈ, ਕੀ ਹੈ ? ਸ਼ਬਦ ਪ੍ਰਭੂ ਦਰਸ਼ਨ ਹੈ। ਇਹ ਸਾਖਿਆਤ ਪੇਖਣ ਤੇ ਨਿੱਜੀ ਤਜਰਬੇ ਦੁਆਰਾ ਅਨੁਭਵ ਹੁੰਦਾ ਹੈ। ਇਹ ਸੁਤੇ ਹੀ ਆਤਮਾ ਵਿਚੋਂ ਉਜਾਗਰ ਹੁੰਦਾ ਹੈ। ਤਰਕ ਦਾ ਸਬੰਧ ਬੁਧੀ ਨਾਲ ਹੈ। ਕਲਪਨਾ ਦਾ ਆਧਾਰ ਸਾਡਾ ਇੰਦਰਿਆਂ ਦੁਆਰਾ ਗਿਆਨ ਹੈ ਪਰ ਸ਼ਬਦ ਦਾ ਆਧਾਰ ਸਾਡੀ ਆਤਮਾ ਹੈ। ਜਪੁਜੀ ਦੀ ੩੮ਵੀਂ ਪਾਉੜੀ ਵਿਚ ਸਪਸ਼ਟ ਕੀਤਾ ਹੈ ਕਿ :

"ਜਤੁ ਪਾਹਾਰਾ ਧੀਰਜੁ ਸੁਨਿਆਰੁ।
ਅਹਰਣਿ ਮਤਿ ਵੇਦ ਹਥੀਆਰੁ।

ਭਉ ਖਲਾ ਅਗਨਿ ਤਪ ਤਾਉ ।
ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ ।
ਘੜੀਐ ਸਬਦੁ ਸਚੀ ਟਕਸਾਲ ।''

ਸ਼ਬਦ ਪਰਮਾਣ ਦੀ ਪਰਾਪਤੀ ਲਈ ਇਹੋ ਜਿਹੇ ਜ਼ਬਤ ਦੀ ਲੋੜ ਹੈ । ਇਹ ਜ਼ਬਤ ਤੇ ਨੇਮ 'ਸਿਮਰਨ' ਦੁਆਰਾ ਪ੍ਰਾਪਤ ਹੁੰਦਾ ਹੈ । ਅਨੁਭਵ ਤੇ ਗਿਆਨ ਇਕ ਦੂਜੇ ਤੇ ਨਿਰਭਰ ਤੇ ਅਧਾਰਿਤ ਹਨ । ਜਪੁਜੀ ਵਿਚ ਅਨੁਭਵ ਨੂੰ ਲਿਖਤੀ ਜਾਮਾ, ਹਿਰਦੇ ਰੂਪੀ ਸੱਚੀ 'ਟਕਸਾਲ' ਦੁਆਰਾ ਪਾ ਕੇ ਸ਼ਬਦ ਨੂੰ ਘੜਿਆ ਜਾਂਦਾ ਦਿਖਾਇਆ ਗਿਆ ਹੈ ।

ਬੇਅੰਤ ਕਾਵਿਕ ਗੁਣ

ਸੰਖੇਪਤਾ ਜਪੁਜੀ ਦੀਆਂ ਕਾਵਿਕ ਖ਼ੂਬੀਆਂ ਵਿਚੋਂ ਇਕ ਵਿਸ਼ੇਸ਼ ਖ਼ੂਬੀ ਹੈ । ਲੜੀ ਵਾਰ ਖਿਆਲਾਂ ਦੀ ਤੋਰ ਇਕ ਹੋਰ ਗੁਣ ਹੈ । ਜਪੁਜੀ ਦੀ ਹਰ ਪਾਉੜੀ ਵਿਚ ਕੇਂਦਰੀ ਵਿਸ਼ੇ ਨੂੰ ਉਲੀਕਿਆ ਗਿਆ ਹੈ । ਕਿਧਰੇ ਵੀ ਉਥਾਨਕਾ ਨਹੀਂ ਬੰਨ੍ਹੀ । ਇਕੋ ਸਾਹ ਕਈ ਪ੍ਰਕਾਰ ਦੇ ਜੀਵ ਜੰਤ, ਵਿਸ਼ੇਸ਼ਣ, ਗੁਣ, ਔਗੁਣ ਤੇ ਨਾਮ ਆਦਿ ਗਿਣੇ ਹਨ । ਸੁਣਿਐ, ਮਨੈ, ਪੰਚ, ਅਸੰਖ, ਕੇਤੇ, ਅੰਤ, ਅਮੁਲ ਤੇ ਸੰਦਰ ਆਦਿ ਪਉੜੀਆਂ ਦੀਆਂ ਕਈ ਤੁਕਾਂ ਵਿਚ ਮੁੜ ਮੁੜ ਇਕੋ ਸ਼ਬਦ ਜਾ ਸ਼ਬਦਾਂ ਦੇ ਦੁਹਰਾ ਨੇ ਲੈ, ਤਾਲ ਤੇ ਰਾਗਾਤਮਕ ਵਾਯੂਮੰਡਲ ਉਸਾਰਿਆ ਹੈ, ਇਕ ਸਰੋਦ ਦਾ ਪ੍ਰਭਾਵ ਪੈਦਾ ਕੀਤਾ ਹੈ ।

ਬੇਅੰਤ ਕਾਵਿਕ ਗੁਣਾਂ ਵਿਚ ਗੁੰਦਿਆ ਹੋਇਆ ਗੁਰੂ ਨਾਨਕ ਸਾਹਿਬ ਦਾ ਫ਼ਲਸਫ਼ਾ, ਕਾਂਤ ਤੇ ਵਰਜਿਲ ਦੇ ਫ਼ਲਸਫ਼ ਵਾਂਗ ਰਸ ਹੀਣ ਤੇ ਮਹੀਨ ਨਹੀਂ ਅਤੇ ਦਿਮਾਗ਼ ਤੇ ਭਾਰੂ ਨਹੀਂ ਬਣਦਾ, ਸਗੋਂ ਭਾਉ ਭਗਤੀ ਦੀ ਚਾਸ਼ਨੀ ਨਾਲ ਰਸੇ ਹੋਏ ਗਿਆਨ ਦੇ ਨਾਲ ਇਹ ਦਰਸ਼ਨ ਅਜੀਬ ਸੁਆਦ ਭੀ ਦੇਂਦਾ ਹੈ । ਅਮਰ ਬਚਨਾ ਵਿਚ ਅੰਮ੍ਰਿਤ ਗੁਝਾ ਹੋਇਆ ਹੈ, ਜਿਸ ਨੂੰ ਜਿਤਨੀ ਵਾਰੀ ਪੀਓ ਮਿਠਾਸ ਤੇ ਰਸ ਮਿਲਦਾ ਹੈ । ਲੋੜ ਕੇਵਲ ਜੁਗਤੀ ਸਹਿਤ ਪੀਣ ਦੀ ਹੈ ।

ਗੁਰੂ ਨਾਨਕ ਦੇਵ ਜੀ ਦੀ ਇਸ ਅਮਰ ਰਚਨਾ ਦਾ ਇਕ ਹੋਰ ਗੁਣ ਵੀ ਹੈ । ਉਹ ਇਹ ਕਿ ਜਿਥੇ ਗੁਰੂ ਜੀ ਜ਼ਰੂਰੀ ਸਮਝਦੇ ਹਨ, ਆਪਣਾ ਸਿਧਾਂਤ ਪੇਸ਼ ਕਰਨ ਲਈ ਪਹਿਲਾਂ ਪਿੜ ਬੰਨ੍ਹਦੇ ਹਨ, ਤੇ ਜਦ ਪਿੜ ਤਿਆਰ ਹੋ ਜਾਂਦਾ ਹੈ ਤਾਂ ਆਪਣਾ ਖਿਆਲ ਪੇਸ਼ ਕਰਦੇ ਹਨ । ਜਿਵੇਂ ਪਹਿਲੀ ਪਉੜੀ ਵਿਚ, ਨਾਟਕੀ ਢੰਗ ਨਾਲ

ਵਿਚਾਰ ਅਰੰਭੇ ਹਨ। ਪਹਿਲਾਂ ਦਸਦੇ ਹਨ ਇਹ ਭੀ ਨਹੀਂ, ਇਹ ਭੀ ਨਹੀਂ... ਤੇ ਫਿਰ ਇਕ—ਦਮ ਪ੍ਰਸ਼ਨ ਕੀਤੇ ਹਨ—'ਕਿਵ ਸਚਿਆਰਾ ਹੋਈਐ (?) ਕਿਵ ਕੂੜੈ ਤੁਟੈ ਪਾਲਿ' (?) ਜਪੁਜੀ ਦੇ ਪਾਠ ਕਰਨ ਵਾਲੇ ਦੇ ਮਨ ਵਿਚ ਇਹ ਪ੍ਰਸ਼ਨ ਉਤਸੁਕਤਾ ਪੈਦਾ ਕਰਦੇ ਹਨ ਤੇ ਉਹ ਜਾਨਣਾ ਚਾਹੁੰਦਾ ਹੈ ਕਿ ਇਨ੍ਹਾਂ ਦਾ ਉਤਰ ਕੀ ਹੈ। ਅਗਲੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਆਪਣਾ ਸਿਧਾਂਤ ਪੇਸ਼ ਕਰਦੇ ਹਨ। ਇੰਜ ਪ੍ਰਸ਼ਨੋਤਰੀ ਤਰੀਕੇ ਨਾਲ ਪਾਠਕ ਦੇ ਮਨ ਤੇ ਪ੍ਰਭਾਵ ਸਾਧਾਰਨ ਢੰਗ ਨਾਲੋਂ ਕਈ ਗੁਣਾ ਹੋ ਜਾਂਦਾ ਹੈ। ਇਹ ਤਰੀਕਾ ਜਪੁਜੀ ਵਿਚ ਗੁਰੂ ਜੀ ਨੇ ਹੋਰ ਵੀ ਕੁਝ ਕੁ ਥਾਈਂ ਵਰਤਿਆ ਹੈ। ਦੇਖੋ :

੧. ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰਿ (?)
੨. ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰ (?)
੩ ਧਵਲੈ ਉਪਰਿ ਕੇਤਾ ਭਾਰੁ ।
ਧਰਤੀ ਹੋਰ ਪਰੈ ਹੋਰੁ ਹੋਰੁ ।
ਤਿਸ ਤੇ ਭਾਰੁ ਤਲੈ ਕਵਣੁ ਜੋਰੁ (?)
੪. ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ (?)

ਕਿਵੇਂ ਅਲੰਕਾਰਕ ਭਾਸ਼ਾ ਤੇ ਅਲੌਕਿਕ ਬਿੰਬਾਵਲੀ ਵਰਤ ਕੇ ਵਖ ਵਖ ਛੰਦਾਂ ਦੁਆਰਾ ਗੁਰੂ ਜੀ ਨੇ ਸ਼ਬਦਾਂ ਦੀ ਧੁਨੀ ਉਪਜਾਣ ਵਿਚ ਪ੍ਰਬੀਨਤਾ ਦਿਖਾਈ ਹੈ ਇਸ ਤੇ ਜਿਉਂ ਜਿਉਂ ਵਿਚਾਰ ਕਰੀਏ ਬੁਧੀ ਚਕ੍ਰਿਤ ਰਹਿ ਜਾਂਦੀ ਹੈ।

ਨਿੱਜੀ ਵਿਚਾਰ ਤੇ ਨਿੱਜੀ ਢੰਗ—

ਹਡਸਨ ਅਨੁਸਾਰ : 'ਉਸ ਨੂੰ ਕਹਿਣ ਲਈ ਆਪਣੀ ਸ਼ੈਲੀ ਲੱਭ ਪੈਂਦੀ ਹੈ ਜਿਸ ਨੇ ਕੁਝ ਨਿੱਜੀ ਤਜਰਬੇ ਵਿਚੋਂ ਕਹਿਣਾ ਹੋਵੇ।' ਇਹ ਕਥਨ ਗੁਰੂ ਨਾਨਕ ਸਾਹਿਬ ਤੇ ਇੰਨ ਬਿੰਨ ਠੀਕ ਢੁਕਦਾ ਹੈ। ਉਨ੍ਹਾਂ ਪਾਸ ਆਪਣੇ ਆਤਮਕ ਤਜਰਬੇ ਵਿਚੋਂ ਪ੍ਰਾਪਤ ਕੀਤੇ ਅਸਲ ਨਿੱਜੀ ਵਿਚਾਰ ਹਨ ਤੇ ਉਨ੍ਹਾਂ ਦਾ ਕਹਿਣ ਢੰਗ ਵੀ ਆਪਣਾ ਨਿੱਜੀ ਹੀ ਹੈ।

ਗੁਰੂ ਸਾਹਿਬ ਦੀ ਇਸ ਅਮਰ, ਦਰਸ਼ਨ ਭਰਪੂਰ ਤੇ ਵਿਚਾਰ ਪਰਧਾਨ ਕਾਵਿ ਨਿਬੰਧ ਤੇ ਪ੍ਰਬੰਧ ਕਾਵਿ ਵਿਚ ਸ਼ਕਤੀ ਉਤਪੰਨ ਕਰਨ ਵਾਲੇ ਤੇ ਜੀਵਨ ਨੂੰ ਹਲੂਣਾ ਦੇ ਕੇ ਉਚਿਆਂ ਚੁਕਣ ਵਾਲੇ ਸਾਰੇ ਹੀ ਗੁਣ ਮੌਜੂਦ ਹਨ। ਇਸ ਕਾਵਿ-ਨਿਬੰਧ ਦਾ

ਆਦਿ, ਇਸ ਦੀ ਉਸਾਰੀ ਤੇ ਇਸ ਦਾ ਅੰਤ ਸਾਰੇ ਹੀ ਪੂਰਨ ਸਫ਼ਲਤਾ ਨਾਲ ਨਿਭਾਏ ਗਏ ਹਨ। ਸ਼ਬਦਾਵਲੀ ਤੇ ਅਲੰਕਾਰ ਅਜਿਹੇ ਹਨ ਕਿ ਖਿਆਲਾਂ ਨੂੰ ਉਸਾਰਨ ਤੇ ਵਿਸ਼ੇ ਨੂੰ ਅਗਾਂਹ ਤੋਰਨ ਵਿਚ ਸਹਾਈ ਹੁੰਦੇ ਹਨ, ਤੇ ਆਤਮਕ ਸ਼ਕਤੀ ਪੈਦਾ ਕਰਨ ਵਿਚ ਵੀ ਮਦਦ ਦਿੰਦੇ ਹਨ। ਗੁਰੂ ਨਾਨਕ ਸਾਹਿਬ ਦੀ ਇਸ ਪੂਰਨ ਯੋਗਤਾ ਤੇ ਸਮਰਥਾ ਦਾ ਗੁਝਾ ਭੇਦ 'ਸ਼ਬਦ' ਨਾਲ ਸੁਰਤ ਜੁੜਨ, ਨਿੱਜੀ ਅਨੁਭਵ ਤੇ ਜ਼ਾਤੀ ਤਜਰਬੇ ਦੇ ਨਾਲ ਨਾਲ ਵਿਸ਼ਾਲ ਗਿਆਨ ਤੇ ਅਸੀਮਤ ਅਨੁਭਵ ਹੈ, ਜੋ ਕਿ ਜਪਜੀ ਦੀ ਇਕ ਇਕ ਤੁਕ ਵਿਚ ਲਿਸ਼ਕਾਰੇ ਮਾਰਦਾ ਹੈ। ਵਿਚਾਰਾਂ ਦੀ ਭਰਮਾਰ ਤੇ ਫ਼ਲਸਫੇ ਦੀ ਮੌਲਕਤਾ ਨੇ ਆਪ ਦੀ ਸ਼ੈਲੀ ਤੇ ਦਰਸ਼ਨ ਵਿਚ ਵੀ ਆਪਣਾ ਰੂਪ ਭਰਿਆ ਹੈ। ਇਹ ਠੀਕ ਹੈ ਕਿ ਅਸਲ ਸ਼ਕਤੀ ਜੋ ਉਨ੍ਹਾਂ ਦੀ ਬਾਣੀ ਵਿਚ ਲੁਕੀ ਹੋਈ ਹੈ ਉਹ ਉਨ੍ਹਾਂ ਦੀ ਉੱਚੇ ਆਤਮਕ ਮੰਡਲ ਵਿਚ ਵਿਚਰਨ ਵਾਲੀ ਸੁਰਤ ਤੇ ਬਲਵਾਨ ਵਿਚਾਰਾਂ ਕਰਕੇ ਹੈ। ਸਚੇ ਵਿਚਾਰਾਂ, ਨਿੱਜੀ ਤੇ ਅਜ਼ਮਾਏ ਹੋਏ ਤਜਰਬਿਆਂ ਦਾ ਅਸਰ ਵੀ ਸੱਚ ਜਿੱਡਾ ਹੈ। ਇਹੀ ਅਸਰ ਆਪ ਦੀ ਸਰਬੋਤਮ ਰਚਨਾ ਜਪੁਜੀ ਦੀ ਇਕ ਇਕ ਤੁਕ ਵਿਚੋਂ ਪਾਠਕਾਂ ਦੇ ਹਿਰਦਿਆਂ ਤੇ ਪੈਂਦਾ ਹੈ।

ਜਪੁਜੀ ਦੀ ਬੋਲੀ

ਜਪੁਜੀ ਵਿਚ ਭਾਵੇਂ ਕਈ ਭਾਸ਼ਾਵਾਂ ਦੇ ਸ਼ਬਦ ਆਏ ਹਨ ਪਰ ਸਮੁਚੇ ਤੌਰ ਤੇ ਇਸ ਦੀ ਬੋਲੀ ਪੰਜਾਬੀ ਹੈ। ਗੁਰੂ ਜੀ ਨੇ ਵਸ ਲਗਦੇ ਜੋ ਸ਼ਬਦ ਵਰਤੇ ਹਨ ਉਹ ਸਾਦੇ, ਠੇਠ ਤੇ ਮੁਹਾਵਰੇ ਦਾਰ ਹਨ। ਪਰ ਫਿਰ ਭੀ ਇਹ ਬਾਣੀ ਸ੍ਰੀ ਗੁਰੂ ਗਬ ਸਾਹਿਬ ਵਿਚ ਸਭ ਤੋਂ ਔਖੀ ਹੈ। ਇਸ ਦੇ ਕਈ ਕਾਰਨ ਹਨ : ਚੂੰਕਿ ਜਪੁਜੀ ਦਾ ਵਿਸ਼ਾ ਬੜਾ ਉਚਾ, ਗੰਭੀਰ ਤੇ ਵਿਚਾਰ ਬੜੇ ਡੂੰਘੇ ਹਨ ਜੋ ਕਿ ਸਧਾਰਣ ਮਨੁੱਖਾਂ ਦੀ ਸਮਝ ਵਿਚ ਆਉਣੇ ਕਠਨ ਹਨ। ਜਪੁਜੀ ਦੀ ਸ਼ਬਦਾਵਲੀ ਦੀ ਸਮਝ ਦੇ ਨਾਲ ਨਾਲ ਗੁਰੂ ਸਾਹਿਬ ਦੇ ਸਮੇਂ ਦੇ ਮਤ ਮਤਾਤ੍ਰਾਂ ਅਤੇ ਦਾਰਸ਼ਨਕ ਸਿਧਾਂਤਾਂ ਦੀ ਵਾਕਫ਼ੀ ਵੀ ਬੜੀ ਜ਼ਰੂਰੀ ਹੈ। ਦੂਜਾ ਕਾਰਨ ਇਹ ਹੈ ਕਿ ਇਸ ਬਾਣੀ ਵਿਚ ਵਰਤੀ ਗਈ ਬੋਲੀ ਦੀ ਬਣਤਰ ਬੜੀ ਹੀ ਸਮੇਟਵੀਂ ਹੈ। ਇਹੋ ਗੱਲ ਹੈ ਕਿ ਇਸ ਬਾਣੀ ਨੂੰ ਕੰਠ ਕਰਨਾ ਜਿਤਨਾ ਸੌਖਾ ਹੈ ਸਮਝਣਾ ਉਤਨਾ ਹੀ ਔਖਾ ਹੈ। ਗੁਰੂ ਜੀ ਦੇ ਸੰਕੋਚ ਦੀ ਇਹ ਹੱਦ ਹੈ ਕਿ ਪੁਰਾਤਨ ਸੰਸਕ੍ਰਿਤ ਦੇ ਮੰਤ੍ਰ ਤੇ ਸੂਤਰ ਲਿਖਣ ਵਾਂਗ ਇਥੇ ਇਕ ਮਾਤਰਾ ਵੀ ਵਾਧੂ ਨਹੀਂ ਲਾਈ। ਜਪੁਜੀ ਇਕ ਹੋਰ ਕਾਰਨ ਭੀ ਔਖੀ ਬਾਣੀ ਹੈ। ਉਹ ਇਹ ਕਿ ਭਾਰਤ ਵਿਚ ਲੋਕਾਂ ਦਾ ਚਿਰਾਂ ਤੋਂ ਇਹ ਖਿਆਲ ਸੀ ਕਿ ਮੰਤਰਾਂ

ਨੂੰ ਕੇਵਲ ਮੂੰਹ ਨਾਲ ਰਟਣਾ ਹੀ ਪੁੰਨ ਹੈ। ਸੰਸਕ੍ਰਿਤ ਦੇ ਮੰਤਰ ਪੁਰਾਤਨ ਸਮਿਆਂ ਵਿਚ ਜਦੋਂ ਅਜੇ ਲਿਖਤ ਰੂਪ ਵਿਚ ਨਹੀਂ ਸਨ ਆਏ ਉਦੋਂ ਜ਼ਬਾਨੀ ਯਾਦ ਕੀਤੇ ਜਾਂਦੇ ਸਨ ਤੇ ਸਹਿਜੇ ਇਹ ਖਿਆਲ ਓਦੋਂ ਹੀ ਬਣ ਗਿਆ ਕਿ ਮੰਤਰ ਕੇਵਲ ਕੰਠ ਕਰਨ ਲਈ ਹਨ। ਭਾਵੇਂ ਪਿਛੋਂ ਸੰਸਕ੍ਰਿਤ ਲਿਖਤੀ ਜਾਮੇ ਵਿਚ ਆ ਗਈ ਪਰ ਇਹ ਖਿਆਲ ਬਣਿਆ ਰਿਹਾ ਕਿ ਮੰਤਰਾਂ ਦਾ ਰਟਨ ਕਰਨਾ ਹੈ ਸਮਝ ਆਣ ਭਾਵੇਂ ਨਾ ਆਣ। ਗੁਰੂ ਨਾਨਕ ਸਾਹਿਬ ਨੇ ਹੋਰ ਗਲਾਂ ਦੇ ਨਾਲ ਇਸ ਗੱਲ ਦਾ ਭੀ ਸੁਧਾਰ ਕੀਤਾ। ਆਪ ਨੇ ਕਿਹਾ ਕਿ ਨਿਰਾ ਤੋਤੇ ਵਾਂਗ ਰਟਨ ਦਾ ਕੀ ਲਾਭ ? ਆਪ ਨੇ ਇਸ ਭਰਮ ਨੂੰ ਤੋੜਿਆ ਕਿ ਸੰਸਕ੍ਰਿਤ ਹੀ ਇਕ ਵੇਦ ਬਾਣੀ ਹੈ ਤੇ ਧਾਰਮਕ ਰਚਨਾਵਾਂ ਕੇਵਲ ਇਸ ਵਿਚ ਹੀ ਹੋ ਸਕਦੀਆਂ ਹਨ। ਗੁਰੂ ਜੀ ਨੇ ਆਪਣੀ ਬਾਣੀ ਦੇਸ਼ ਦੀ ਪਰਚਲਤ ਭਾਸ਼ਾ ਵਿਚ ਰਚੀ। ਆਪ ਨੇ ਦਸਿਆ ਕਿ ਕੋਈ ਖਾਸ ਬੋਲੀ ਪਵਿਤਰ ਜਾਂ ਅਪਵਿਤਰ ਨਹੀਂ। ਜਿਸ ਬੋਲੀ ਵਿਚ ਹੀ ਅਸੀਂ ਉਸਦੀ ਉਪਾਸਨਾਂ ਕਰੀਏ ਉਹ ਪਵਿਤਰ ਹੈ। ਜੋ ਸ਼ਬਦ ਭੈੜੇ ਖ਼ਿਆਲਾਂ ਲਈ ਵਰਤੇ ਜਾਣ ਭਾਵੇਂ ਉਹ ਸੰਸਕ੍ਰਿਤ ਦੇ ਹੀ ਕਿਉਂ ਨਾ ਹੋਣ ਉਹ ਅਪਵਿਤਰ ਹਨ।

ਜਪੁਜੀ ਸਾਹਿਬ ਨੂੰ ਸੰਸਕ੍ਰਿਤ ਦੇ ਮੰਤਰਾਂ ਵਾਂਗ ਬਿਨਾਂ ਸਮਝੇ ਰਟਣ ਦੀ ਥਾਂ ਇਸ ਦੀ ਇਕ ਇਕ ਪਉੜੀ ਦੇ ਅਰਥ ਇਸ ਦੇ ਅੰਤਰੀਵ ਭਾਵਾਂ ਤੇ ਇਨ੍ਹਾਂ ਦੇ ਆਪੋ ਵਿਚਲੇ ਸਬੰਧ ਸਮਝਣ ਦੀ ਲੋੜ ਹੈ। ਲੋੜ ਹੈ ਕਿ ਅਖਾਂ ਤੇ ਦਿਲ ਦੋਵੇਂ ਖੋਲ੍ਹ ਕੇ ਇਹ ਬਾਣੀ ਪੜ੍ਹੀ ਜਾਏ ਤੇ ਇਸ ਨੂੰ ਨਿਰਮਲ ਬੁੱਧੀ ਦੁਆਰਾ ਵਿਚਾਰਨ ਦਾ ਯਤਨ ਕੀਤਾ ਜਾਏ। ਫਿਰ ਇਹ 'ਸਿਲਅਲੂਣੀ ਚਟਨੀ' ਨਹੀਂ ਭਾਸੇਗੀ ਸਗੋਂ ਇਸ ਵਿਚੋਂ 'ਤੁਲ ਨ ਲਖ ਅਮਿਉ ਰਸ' ਚੋਂਦਾ ਪ੍ਰਤੀਤ ਹੋਏਗਾ।

ਜਪੁਜੀ ਦੀ ਸ਼ਬਦਾਵਲੀ ਨੂੰ ਗਹੁ ਨਾਲ ਵਿਚਾਰਨ ਤੋਂ ਪਤਾ ਲਗਦਾ ਹੈ ਕਿ ਇਸ ਬਾਣੀ ਵਿਚ ਗੁਰੂ ਜੀ ਨੇ ਮੁਸਲਮਾਨਾਂ, ਜੋਗੀਆਂ, ਪੰਡਤਾਂ ਤੇ ਹੋਰ ਮਤਾਂ ਆਦਿ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੀ ਸ਼ਬਦਾਵਲੀ ਨੂੰ ਪੰਜਾਬੀ ਰੂਪ ਦਿਤਾ ਹੈ। 'ਕਵਣੁ ਸੁ ਵੇਲਾ ਵਖਤੁ ਕਵਣੁ' ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੀ ਗਿਣਤੀ ਅਨੁਸਾਰ ਸਮਾਂ ਕਹਿਣ ਦੀ ਥਾਂ ਦੋਹਾਂ ਦੇ ਆਪੋ ਆਪਣੇ ਸ਼ਬਦ ਵੇਲਾ ਅਤੇ ਵਖਤ ਵਰਤੇ ਹਨ। ਇੰਜ ਹੀ 'ਮੂਤ ਪਲੀਤੀ ਕਪੜੁ ਹੋਇ' ਵਿਚ ਪਲੀਤ (ਪਲੀਦ) ਲਫਜ਼ ਵਰਤ ਕੇ ਮੁਸਲਮਾਨਾਂ ਦੀ ਰਹਿਤ ਵੱਲ ਇਸ਼ਾਰਾ ਕੀਤਾ ਹੈ। ਸੇਖ (ਸ਼ੇਖ) ਤੇ ਪੀਰ,

ਪਉੜੀ ੧੧, ਹਾਦਰਾ ਹਦੂਰਿ (ਹਾਜ਼ਰ ਹਜ਼ੂਰ) ਪਉੜੀ ੩, ਅਤੇ ਕਾਦੀਆਂ (ਕਾਜ਼ੀਆਂ) ਪਉੜੀ ੨੧ ਆਦਿ ਸ਼ਬਦ ਅਰਬੀ ਤੇ ਫ਼ਾਰਸੀ ਦੇ ਵਰਤੇ ਹਨ।

ਗੁਰੂ ਸਾਹਿਬ ਨੇ ਇਕ ਚੰਗੇ ਕਲਾਕਾਰ ਵਾਂਗੂ ਵਿਸ਼ੇ, ਮਤ ਖਿਆਲਾਂ ਅਨੁਸਾਰ ਸ਼ਬਦਾਵਲੀ ਵੀ ਬਦਲ ਬਦਲ ਕੇ ਵਰਤੀ ਹੈ। ਹਿੰਦੂ ਮਤ, ਜੋਗੀ ਨਿਸਚ ਤੇ ਮੁਸਲਮਾਨ ਖਿਆਲਾਂ ਨੂੰ ਪਰਗਟਾਉਣ ਲਈ ਵਸ ਲਗੇ ਉਨ੍ਹਾਂ ਦੀ ਹੀ ਸ਼ਬਦਾਵਲੀ ਵਰਤੀ ਹੈ। ਇਸ ਦੀ ਇਕ ਚੰਗੀ ਉਦਾਹਰਣ ੨੧ਵੀਂ ਪਉੜੀ ਹੈ। ਸਿਧਾਂ ਤੇ ਜੋਗੀਆਂ ਦੇ ਸੰਕੇਤ ਮੁੰਦਾ, ਖਿੰਥਾ, ਝੋਲੀ, ਬਿਭੂਤ, ਆਦਿ ਸ਼ਬਦਾਂ ਤੋਂ ਮਿਲਦੇ ਹਨ।

ਗੁਰੂ ਨਾਨਕ ਦੇਵ ਸ਼ਬਦ ਭੰਡਾਰੇ ਦੇ ਮਾਲਕ ਹਨ। ਆਪ ਨੇ ਪੰਜਾਬੀ ਦੇ ਨਾਲ ਨਾਲ ਫ਼ਾਰਸੀ ਤੇ ਸੰਸਕ੍ਰਿਤ ਦੇ ਤਦਭਵ ਤੇ ਤਤਸਮ ਰੂਪ ਵਿਚ ਸ਼ਬਦ ਵਰਤੇ ਹਨ। ਪੰਜਾਬੀ ਦੀਆਂ ਉਪ ਭਾਖਾਵਾਂ ਪੋਠੋਹਾਰੀ, ਲਹਿੰਦੀ ਆਦਿ ਦੇ ਸ਼ਬਦ ਵਰਤੇ ਹਨ। ਠੇਠ ਪੰਜਾਬੀ ਤੇ ਮਿਸਰਤ ਰੂਪ ਵਿਚ ਸ਼ਬਦਾਂ ਦੀਆਂ ਕਈ ਉਦਾਹਰਨਾਂ ਦਿਤੀਆਂ ਜਾ ਸਕਦੀਆਂ ਹਨ। ਚੌਥੀ, ਪੰਜਵੀਂ, ਛੇਵੀਂ ਪਉੜੀਆਂ ਠੇਠ ਪੰਜਾਬੀ ਦੀਆਂ ਮਿਸਾਲਾਂ ਹਨ। ਆਦਿ ਸਲੋਕ ਵਿਚ 'ਨਾਨਕ ਹੋਸੀ ਭੀ ਸਚੁ' ਵਿਚ ਹੋਸੀ, 'ਪਾਣੀ ਧੋਤੈ ਉਤਰਸੁ ਖੇਹ' ਵਿਚ ਸ਼ਬਦ ਉਤਰਸ, ਅਮੁਲ ਵਾਲੀ ਪਉੜੀ ਵਿਚ ਆਖਿਆ, ਇੰਜ ਹੀ ਜਿਨਸੀ, ਵੇਖੈ, ਕਰਣਾ, ਕਰਸੀ, ਝੋਲੀ, ਰੀਸ ਆਦਿ ਸ਼ਬਦ ਪੋਠੋਹਾਰੀ ਹਨ। ਸੰਸਕ੍ਰਿਤ ਸ਼ਬਦਾਵਲੀ ਤੋਂ ਬਣੇ ਵੀ ਅਨੇਕਾਂ ਸ਼ਬਦ ਹਨ ਜਿਵੇਂ: ਸਹਸ, ਵਿਖਮ, ਕਥਿ ਕਥਿ ਕਥੀ, ਜੁਗੰਤਰ, ਵਿਗਸੈ, ਭਾਖਿਆ, ਨਿਧਾਨ, ਨਾਦੰ, ਅਸਗਾਹ, ਮੰਦੁ ਆਦਿ। ਫਾਰਸੀ ਦੇ ਸ਼ਬਦ ਹੁਕਮ, ਬਖਸੀਸ, ਵੇਪਰਵਾਹੁ, ਦਰਬਾਰੁ, ਕਾਗਦ, ਸੁਮਾਰੁ, ਫੁਰਮਾਏ, ਸਲਾਮਤਿ, ਸਿਫ਼ਤੀ, ਹਥੀਆਰੁ, ਮਸਕਤਿ ਆਦਿ ਕਈ ਸ਼ਬਦ ਹਨ ਜੋ ਕਿ ਤਤਸਮ ਜਾਂ ਤਦਭਵ ਰੂਪ ਵਿਚ ਵਰਤੇ ਗਏ ਹਨ।

ਜਪੁਜੀ ਸਾਹਿਬ ਦੀ ਬੋਲੀ ਵਿਚ ਜੋ ਸਬੰਧਕਾਂ, ਯੋਜਕਾਂ ਜਾਂ ਪੜਨਾਵਾਂ ਆਦਿ ਦੀ ਵਰਤੋਂ ਕੀਤੀ ਗਈ ਹੈ ਉਸ ਤੇ ਸੰਤ ਭਾਸ਼ਾ ਦਾ ਪ੍ਰਭਾਵ ਹੈ। ਦਾ, ਦੇ, ਦੀ, ਦੀ ਥਾਂ ਕਾ, ਕੇ, ਕੀ, ਵਰਤੇ ਹਨ। ਇੰਜ ਹੀ ਜੇਤਾ, ਕੇਤਾ, ਕਵਣ, ਕਿਆ, ਏਵਡ, ਜੇਵਡੁ ਸਿਉ ਆਦਿ ਯੋਜਕ ਵਰਤੇ ਹਨ। ਪੜਨਾਵਾਂ ਵਿਚ ਉਹਿ, ਹਉ, ਤੁਧ, ਸੋ, ਸੋਈ, ਸੇਈ ਤੇ ਤਿਸ ਆਦਿ ਦੀ ਵਰਤੋਂ ਹੈ।

ਸਮੁੱਚੇ ਤੌਰ ਤੇ ਜਪੁਜੀ ਦੀ ਰਚਨਾ ਭਾਸ਼ਾਈ ਅਧਿਐਨ ਦਾ ਇਕ ਸੁੰਦਰ ਨਮੂਨਾ ਹੈ।

ਗੁਰੂ ਨਾਨਕ ਸਾਹਿਬ ਦੇ ਫਲਸਫ਼ੇ ਤੇ ਬੋਲੀ ਦੇ ਵਿਸ਼ੇਸ਼ ਗੁਣਾ ਦਾ ਜ਼ਿਕਰ ਕਰਦੇ ਹੋਏ ਪ੍ਰੋ: ਸੀਤਾ ਰਾਮ ਬਾਹਰੀ ਨੇ ਲਿਖਿਆ ਹੈ : ਨਾਨਕ ਫ਼ਲਸਫ਼ਾ ਵਿਵੇਕ ਅਤੇ ਤਰਕ ਵਾਂਗ ਨਿਸ਼ੰਗ ਤੇ ਦ੍ਰਿੜ੍ਹ ਹੈ; ਸਰਸ ਕਾਵਿ ਵਾਂਗ ਸਜੀਵ ਤੇ ਰਾਗ ਭਰ-ਪੂਰ ਹੈ, ਨਿਰਵੈਰ ਸ਼ਰਧਾ ਵਾਂਗ ਇਹ ਅਡੋਲ ਤੇ ਏਕਾਗਰ ਹੈ। ਸੱਚੇ ਮਨ ਦੀ ਪਵਿਤਰਤਾ, ਸੁੰਨ ਗਗਨ ਦੀ ਜੋਤ ਤੇ ਅਨਾਹਤ ਸੰਗੀਤ ਨੇ ਇਸ ਵਿਚ ਕਿਸੇ ਨਿਰਭੈ ਸ਼ੇਰ ਦੇ ਦਿਲ ਦੀ ਧੜਕਣ ਅਤੇ ਕਿਸੇ ਉੱਚੀਆਂ ਉਡਾਰੀਆ ਵਾਲੇ ਬਾਜ਼ ਦੀ ਨੀਝ ਪਾ ਦਿਤੀ ਹੈ। ਪਰ ਇਸ ਫਲਸਫੇ ਦਾ ਪ੍ਰਕਾਸ਼ ਉਸ ਨਿਮਾਣੀ ਸਾਧ ਭਾਸ਼ਾ ਵਿਚ ਹੋਇਆ ਹੈ ਜੋ ਉਚੇਰੇ ਗਿਆਨ ਤੇ ਆਨੰਦ ਨੂੰ ਸੱਚ ਮੁਚ ਸੁਰਗਾਂ ਤੋਂ ਉਤਾਰ ਕੇ ਕਿਰਸਾਨਾਂ, ਕਾਮਿਆਂ ਤੇ ਸਾਧਾਰਨ ਜਨਾਂ ਦੀ ਬੁਕਲ ਵਿਚ ਪਾ ਦਿੰਦੀ ਹੈ।'*

ਪ੍ਰਿੰਸੀਪਲ ਤੇਜਾ ਸਿੰਘ ਦਾ ਇਹ ਕਥਨ ਸੌ ਫੀ ਸਦੀ ਸੱਚਾ ਹੈ ਕਿ 'ਪੰਜਾਬੀ ਬੋਲੀ ਤੋਂ ਇਹੋ ਜਿਹਾ ਔਖਾ ਕੰਮ ਅਗੇ ਕਦੇ ਨਹੀਂ ਸੀ ਲਿਆ ਗਿਆ ਅਤੇ ਨਾ ਹੁਣ ਤਕ ਕਿਸੇ ਹੋਰ ਨੇ ਲਿਆ ਹੈ। ਪੰਜਾਬੀ ਵਿਚ ਸ਼ਬਦਾਂ ਦੀ ਬਹੁਤ ਕਮੀ ਸੀ ਅਤੇ ਉਨ੍ਹਾਂ ਨੂੰ ਧਰਮ ਜਾਂ ਗਿਆਨ ਦੇ ਡੂੰਘੇ ਵਿਚਾਰਾਂ ਦੇ ਪਰਗਟ ਕਰਨ ਲਈ ਕਦੀ ਨਹੀਂ ਸੀ ਵਰਤਿਆ ਗਿਆ। ਇਸ ਲਈ ਇਹ ਬੜੀ ਹੈਰਾਨੀ ਦੀ ਗਲ ਹੈ ਕਿ ਗੁਰੂ ਨਾਨਕ ਸਾਹਿਬ ਨੇ ਇਕ ਕੱਚੇ ਪਿਲੇ ਹਥਿਆਰ ਨੂੰ ਕਿਵੇਂ ਏਡੀ ਕਾਮਯਾਬੀ ਨਾਲ ਵਰਤਿਆ ਹੈ। ਹੁਣ ਭੀ ਭਾਵੇਂ ਪੰਜਾਬੀ ਬੋਲੀ ਅਗੇ ਨਾਲੋਂ ਬਹੁਤ ਤਰੱਕੀ ਕਰ ਚੁਕੀ ਹੈ, ਸਾਨੂੰ ਕਦੀ ਇਹ ਹੌਂਸਲਾ ਨਹੀਂ ਪੈਂਦਾ ਕਿ ਅਸੀਂ ਆਪਣੇ ਖਿਆਲਾਂ ਨੂੰ ਉਸ ਸੰਕੋਚ ਨਾਲ ਲਿਖੀਏ ਜਿਸ ਨਾਲ ਕਿ ਗੁਰੂ ਜੀ ਨੇ ਆਪਣਾ ਜਪੁਜੀ ਸਾਹਿਬ ਲਿਖਿਆ ਹੈ।'*

ਇਸ ਵਿਚਾਰ-ਪ੍ਰਧਾਨ ਬਾਣੀ ਉਪਰ ਕੋਈ ਰਾਗ ਅੰਕਿਤ ਨਹੀਂ ਹੈ, ਚੂੰਕਿ ਇਹ ਦਾਰਸ਼ਨਿਕ ਹੈ; ਸੋ ਇਹ ਵਿਚਾਰ ਕੇ ਪੜ੍ਹਨ ਲਈ ਹੈ। ਇਹ ਵਿਅਕਤੀਗਤ ਤੌਰ ਤੇ ਧਿਆਨ ਲਾ ਕੇ ਵਿਚਾਰਨ ਵਾਲੀ ਬਾਣੀ ਹੈ ਰਹੁ ਰੀਤ ਇਹੋ ਹੀ ਹੈ ਕਿ

*ਨਾਨਕ—ਬਾਣੀ ਵਿਚ ਫ਼ਲਸਫਾ ਪੰਨਾ ੯, ਪੰਜਾਬੀ ਵਿਭਾਗ ਪੰਜਾਬ।

*ਪ੍ਰਿੰ: ਤੇਜਾ ਸਿੰਘ, ਜਪੁਜੀ (ਸਟੀਕ) ਭੂਮਿਕਾ ਪੰਨਾ ੧੪।

ਹਰੇਕ ਸਿਖ ਆਪਣਾ ਮਨ ਜੋੜ ਕੇ ਇਸ ਦਾ ਹਰ ਰੋਜ਼ ਪਾਠ ਕਰੇ, ਜਿਵੇਂ ਭਾਈ ਗੁਰਦਾਸ ਜੀ ਵਾਰ (੨੬)੪ ਵਿਚ ਲਿਖਦੇ ਹਨ :

'ਅੰਮ੍ਰਿਤ ਵੇਲੇ ਨਾਵਣਾ ਗੁਰਮੁਖ ਜਪੁ ਗੁਰਮੰਤ੍ਰ ਜਪਾਯਾ।

ਇਸੇ ਤਰ੍ਹਾਂ ਰਹਿਤਨਾਮਿਆਂ ਵਿਚ ਵੀ ਆਉਂਦਾ ਹੈ : 'ਕਰ ਇਸਨਾਨ ਪੜ੍ਹੇ ਜਪੁ ਜਾਪ' (ਰਹਿਤਨਾਮਾ ਭਾਈ ਨੰਦ ਲਾਲ ਜੀ) ਤੇ ਹੁਣ ਤਕ ਮਰਯਾਦਾ ਵੀ ਇਹੋ ਹੀ ਚਲੀ ਆਉਂਦੀ ਹੈ।

ਜਪੁਜੀ ਦੀ ਬਾਣੀ ਕਦੋਂ ਲਿਖੀ ਗਈ ?

'ਪੁਰਾਤਨ ਜਨਮ ਸਾਖੀ' ਜੋ ਕਿ ਲਗ ਭਗ ੧੬੩੫ ਈ: ਵਿਚ ਲਿਖੀ ਗਈ, ਵਿਚ ਗੁਰੂ ਨਾਨਕ ਸਾਹਿਬ ਦੇ ਵੇਈਂ ਨਦੀ ਵਿਚ ਅਲੋਪ ਹੋਣ ਵਾਲੀ ਸਾਖੀ ਦਾ ਵਰਨਣ ਕਰਦਿਆਂ ਸਾਖੀ ਲੇਖਕ ਨੇ ਲਿਖਿਆ ਹੈ ਕਿ ਪਰਮੇਸ਼ਰ ਦੇ ਸੇਵਕ ਗੁਰੂ ਨਾਨਕ ਦੇਵ ਨੂੰ ਪਰਮੇਸ਼ਰ ਦੀ ਦਰਗਾਹ ਵਿਚ ਲੈ ਗਏ। 'ਤਬਿ ਆਵਾਜ਼ ਹੂਆ— ਨਾਨਕ ! ਮੇਰਾ ਹੁਕਮ ਤੇਰੀ ਨਦਰੀ ਆਇਆ ਹੈ, ਤੂੰ ਮੇਰੇ ਹੁਕਮ ਕੀ ਸਿਫ਼ਤਿ ਕਰ। ਤਬਿ ਬਾਬਾ ਬੋਲਿਆ। ਧੁਨਿ ਉਠੀ : ਰਾਗ ਆਸਾ ਜਪੁ: ਮ: ੧। ਸਲੋਕ। ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ। ਜਪੁ ਸੰਪੂਰਣ ਕੀਤਾ।

ਪੁਰਾਤਨ ਜਨਮ ਸਾਖੀ ਤੋਂ ਭੀ ਪਹਿਲਾਂ ਦੀ ਗਵਾਹੀ ਜੋ ਗੁਰੂ ਜੀ ਦੇ ਜੀਵਨ ਸਬੰਧੀ ਪ੍ਰਾਪਤ ਹੁੰਦੀ ਹੈ ਉਹ ਭਾਈ ਗੁਰਦਾਸ ਜੀ (੧੫੫੮—੧੬੩੯) ਦੀ ਪਹਿਲੀ ਵਾਰ ਹੈ। ਭਾਈ ਸਾਹਿਬ ਅਨੁਸਾਰ :

"ਬਾਬਾ ਆਇਆ ਕਰਤਾਰਪੁਰ,
ਭੇਖ ਉਦਾਸੀ ਸਗਲ ਉਤਾਰਾ।
... ...
ਬਾਣੀ ਮੁਖਹੁ ਉਚਾਰੀਐ
ਹੋਇ ਰੁਸਨਾਈ ਮਿਟੈ ਅੰਧਾਰਾ।
... ...
ਸੋਦਰ ਆਰਤੀ ਗਾਵੀਅਹਿ,
ਅੰਮ੍ਰਿਤ ਵੇਲੇ ਜਾਪ ਉਚਾਰਾ।"

ਸਪਸ਼ਟ ਹੈ ਕਿ ਕਰਤਾਰਪੁਰ ਵਿਖੇ ਜਪੁਜੀ ਦਾ ਪਾਠ ਹੁੰਦਾ ਸੀ।

ਪਰ ਜਪੁਜੀ ਸਾਹਿਬ ਕਦੋਂ ਉਚਾਰਨ ਕੀਤਾ ਗਿਆ ? ਇਸ ਬਾਰੇ ਕਈ ਖਿਆਲ ਪ੍ਰਚਲਤ ਹਨ। ਜੋ ਕਿ ਵਖ ਵਖ ਜਨਮ ਸਾਖੀਆਂ ਤੇ ਟੀਕਿਆਂ ਦੇ ਆਧਾਰ ਤੇ ਬਣੇ ਜਾਪਦੇ ਹਨ। ਕੋਈ ਕਹਿੰਦਾ ਹੈ ਕਿ ਗੁਰੂ ਜੀ ਨੇ ਇਹ ਬਾਣੀ ਛੋਟੀ ਉਮਰ ਵਿਚ ਹੀ ਲਿਖ ਦਿਤੀ ਸੀ।

ਕਝ ਟੀਕਾ ਕਾਰਾਂ (ਜਿਵੇਂ ਭਾਈ ਮਨੀ ਸਿੰਘ ਜੀ) ਨੇ ਲਿਖਿਆ ਹੈ ਕਿ ਜਪੁਜੀ ਦਾ ਉਪਦੇਸ਼ ਗੁਰੂ ਨਾਨਕ ਦੇਵ ਜੀ ਨੇ ਸਿਧਾਂ ਪ੍ਰਤੀ ਕੀਤਾ। ਗੁਰੂ ਜੀ ਜਦ ਸੁਮੇਰ ਪਰਬਤ ਤੇ ਪੁਜੇ ਤਾਂ ਉਥੇ ਕਈ ਸਿਧਾਂ ਨਾਲ ਵਿਚਾਰ ਵਟਾਂਦਰਾ ਹੋਇਆ। ਸਿਧਾਂ ਨੇ ਗੁਰੂ ਸਾਹਿਬ ਦੀ ਆਤਮਕ ਵਡਿਆਈ ਅਨਭਵ ਕੀਤੀ ਤੇ ਉਨ੍ਹਾਂ ਕਈ ਪਰਕਾਰ ਦੇ ਪ੍ਰਸ਼ਨ ਕੀਤੇ। ਗੁਰੂ ਜੀ ਨੇ ਜੋ ਉਤਰ ਦਿਤੇ ਉਹ ਸਾਹਿਬਾਂ ਨੇ ਦੋ ਬਾਣੀਆਂ ਦੇ ਰੂਪ ਵਿਚ ਸੁਰਖਿਅਤ ਕਰ ਦਿਤੇ। ਇਕ ਤਾਂ ਸਿਧ ਗੋਸ਼ਟ ਦੇ ਰੂਪ ਵਿਚ ਜੋ ਕਿ ਹੈ ਹੀ ਪ੍ਰਸ਼ਨੋਤਰੀ ਰੂਪ ਵਿਚ ਅਧਿਆਤਮਕ ਗੋਸ਼ਟ, ਅਤੇ ਦੂਜੇ ਜਪਜੀ ਦੀ ਬਾਣੀ ਦੀ ਸ਼ਕਲ ਵਿਚ। ਇਹੋ ਜਹੇ ਟੀਕਾਕਾਰਾਂ ਨੇ ਇਹ ਲਿਖਿਆ ਹੈ ਕਿ ਸਿਧਾਂ ਨੇ ਸਭ ਤੋਂ ਜ਼ਰੂਰੀ ਤੇ ਸਭ ਤੋਂ ਵਡਾ ਜੋ ਪ੍ਰਸ਼ਨ ਗੁਰੂ ਜੀ ਤੇ ਕੀਤਾ ਉਹ ਇਹ ਸੀ ਕਿ ਬ੍ਰਹਮ ਦਾ ਸਰੂਪ ਕੀ ਹੈ ਤੇ ਉਸ ਦੇ ਗੁਣ ਕੀ ਹਨ ? ਉਹ ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਜੋ ਸੰਖੇਪ ਰੂਪ ਵਿਚ ਉਤਰ ਦਿਤਾ ਉਹ ਜਪੁਜੀ ਦੇ ਆਦਿ ਵਿਚ ਮੂਲ ਮੰਤ੍ਰ ਹੈ ਅਤੇ ਬਾਂਕੀ ਦੀਆਂ ੩੮ ਪੌੜੀਆਂ ਇਸੇ ਮੂਲ ਮੰਤ੍ਰ ਦੀ ਵਿਆਖਿਆ ਹੈ।

ਕਝ ਕੁ ਟੀਕਾਕਾਰ ਅਤੇ ਸੂਝਵਾਨ ਖੋਜੀਆਂ ਦੀ ਇਹ ਰਾਏ ਹੈ ਕਿ ਇਹ ਬਾਣੀ ਸਿਧਾਂ ਪ੍ਰਤੀ ਨਹੀਂ ਸਗੋਂ ਕਿਸੇ ਜਗਿਆਸੂ ਤਾਈਂ ਉਪਦੇਸ਼ ਹੈ। ਭਾਵ ਇਹ ਕਿ ਇਸ ਬਾਣੀ ਦਆਰਾ ਜੀਵ ਨੂੰ ਸਿਖਿਆ ਦਿਤੀ ਗਈ ਹੈ ਕਿ ਰੱਬੀ ਗਿਆਨ ਕੀ ਹੈ ਤੇ ਮਨੁਖਾ ਜੀਵਨ ਤੇ ਆਚਾਰ ਨੂੰ ਕਿਵੇਂ ਉਚਿਆਂ ਢਾਲਿਆ ਜਾ ਸਕਦਾ ਹੈ।

ਭਾਈ ਜੋਧ ਸਿੰਘ ਜੀ ਦੇ ਕਥਨ ਅਨੁਸਾਰ : 'ਜਪੁਜੀ ਸਾਹਿਬ ਵਿਚ ਕਈ ਥਾਂ ਪ੍ਰਸ਼ਨ ਆਉਣ ਕਰਕੇ, ਮਲੂਮ ਹੁੰਦਾ ਹੈ, ਕਿ ਟੀਕਾਕਾਰਾਂ ਨੂੰ ਇਹ ਯਤਨ ਕਰਨਾ ਪਿਆ ਹੈ। ਪਰ ਇਹ ਨਿਯਮ ਸਾਰੇ ਮਹਾਤਮਾਵਾਂ ਦਾ ਹੈ ਕਿ ਆਪਣੀ ਸਿਖਯਾ ਦੇਂਦੇ ਹੋਏ ਜੋ ਪ੍ਰਸ਼ਨ ਉਹਨਾਂ ਤੇ ਹੋ ਸਕਦੇ ਹਨ ਉਹ ਭੀ ਸਾਫ਼ ਕਰ ਦਿੰਦੇ ਹਨ।'

ਭਾਈ ਜੋਧ ਸਿੰਘ ਜੀ ਨੇ ਭੀ ਆਪਣੇ ਟੀਕੇ ਵਿਚ ਅਰਥ ਸਪਸ਼ਟ ਕਰਨ ਲਈ ਇਹ ਮੰਨਿਆ ਹੈ ਕਿ ਇਹ ਉਪਦੇਸ਼ ਕਿਸੇ ਜਗਿਆਸੂ ਪ੍ਰਤੀ ਹੈ ਜੋ ਪ੍ਰਸ਼ਨ

ਕਰਦਾ ਹੈ ਤੇ ਗੁਰੂ ਜੀ ਅਗੋਂ ਉਤਰ ਦਿੰਦੇ ਹਨ। ਪਰ ਨਾਲ ਬੇਨਤੀ ਕਰ ਦਿਤੀ ਹੈ ਕਿ ਇਹ ਮਨੌਤ ਕੇਵਲ ਅਰਥ ਸਪਸ਼ਟ ਕਰਨ ਲਈ ਹੈ।*

ਕਈ ਹੋਰ ਕਹਿੰਦੇ ਹਨ ਕਿ ਗੁਰੂ ਅੰਗਦ ਦੇਵ ਜੀ ਨੂੰ ਸਿਧ ਗੋਸ਼ਟ ਸੁਣਾਂਦੇ ਸੁਣਾਂਦੇ ਜਪੁਜੀ ਦਾ ਉਪਦੇਸ਼ ਭੀ ਸੁਣਾਇਆ ਗਿਆ। ਇਸ ਸਬੰਧ ਵਿਚ ਸਿਭੂ ਨਾਥ ਬਾਹਮਣ ਦਾ ਹੱਥ ਲਿਖਤੀ ਟੀਕੇ ਵਿਚੋਂ ਕੁਝ ਕੁ ਟੁਕੜੀਆਂ ਹੇਠਾਂ ਦਿਤੀਆਂ ਜਾਂਦੀਆਂ ਹਨ। ਇਹ ਟੀਕਾ ੧੭੦੧ ਈ: ਦਾ ਲਿਖਿਆ ਹੋਇਆ ਹੈ। ਸਿਭੂ ਨਾਥ ਲਿਖਦਾ ਹੈ ਕਿ ਕਰਤਾਰਪੁਰ ਵਿਖੇ ਗੁਰੂ ਬਾਬੇ ਸਿਖ ਅੰਗਦ ਦੇਵ ਨਾਲ ਇੰਜ ਗਲਬਾਤ ਕੀਤੀ :

"...ਜਿ ਪੁਰਖਾ ਅੰਗਦਾ! ਪਾਰਬ੍ਰਹਮ ਕੀ ਆਗਿਆ ਹੋਈ ਹੈ ਕਿ ਮੇਰੀ ਸਿਫ਼ਤਿ ਕਰਣੀ ਅਰੁ ਲੋਕਾਂ ਤੇ ਕਰਵਾਣੀ। ਪੁਰਖਾ! ਇਕ ਐਸੀ ਸਿਫ਼ਤਿ ਕਰੀਐ, ਜੋੜੁ ਬੰਧੀਐ।..." ਅਗੋਂ (ਗੁਰੂ) ਅੰਗਦ ਦੇਵ ਨੇ ਬੇਨਤੀ ਕੀਤੀ 'ਤਬ ਗੁਰੂ ਬਾਬੇ ਨਾਨਕ ਪਾਸਿ ਗੁਰੂ ਅੰਗਦ ਬੇਨਤੀ ਕੀਤੀ, ਜੀ ਮਿਹਰਵਾਨ ਜਿ ਕਿ ਤੇਰੀਅਹੁ ਮੁਹਹੁ ਨਿਕਲਦਾ ਹੈ ਸੁ ਜਾਪੁ ਹੈ ਜੀ। ਕੀਤਾ ਲੋੜੀਐ ਸੁ ਕਰੀਐ।"

ਸਿਭੂ, ਨਾਥ ਬਾਹਮਣ ਨੇ ਫਿਰ ਅਗੇ ਵੇਰਵੇ ਸਹਿਤ ਗਲਬਾਤ ਲਿਖੀ ਹੈ :

'ਤਬ ਗੁਰੂ ਨਾਨਕ ਜੀ ਸ੍ਰੀ ਪਾਰਬ੍ਰਹਮ ਪਰਮੇਸ਼ਰ ਕੀ ਉਜਤਤ ਸਲਾਹਿ ਕੀ ਕਾ ਜਪੁ ਕੀਤਾ।...ਆਗਿਆ ਪਰਮੇਸਰ ਕੀ ਨਾਲਿ ਬੋਲਿਆ ਕਿ, 'ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥ ਏਹੁ ਸਲੋਕ ਮੁਢਿ ਜਪੁ ਦੇ ਗੁਰੂ ਬਾਬੇ ਨਾਨਕ ਜੀ ਰਖਿਆ। ਫਿਰ ਅੰਗਦ ਸਿਖ ਨੂੰ ਆਗਿਆ ਕੀਤੀਅਨੁ ਕਿ, 'ਪੁਰਖਾ! ਤੂ ਜਿਹੇ ਸਿ ਵੈਹ ਜਿਥੇ ਮੇਰੇ ਆਖਣ ਦੀਆਂ ਪਉੜੀਆਂ ਸਲੋਕਾ ਹੈਨਿ ਸਿ ਤੂ ਓਹੋ ਸਲੋਕ ਸ਼ਬਦ ਲੈ ਕੇ ਸੋਦਰੋ ਸਭਿ ਸਭਿ ਏਸੇ ਜਪੈ ਵਿਚਿ ਆਣਿ ਆਣਿ ਬਣਾਇ ਤੇ ਮੈਨੋ ਸੁਣਾਇਦਾ ਜਾਹਿ। ਜਿਉਂ ਜਿਉਂ ਪਰਮੇਸ਼ਰ ਦੀ ਸਿਫ਼ਤਿ ਦੀਆਂ ਪਉੜੀਆਂ ਹੈਨਿ ਤਿਉਂ ਤਿਉਂ ਆਣਿ ਬਣਾਇ ਅਤੇ ਬਣਾਇੰਦਾ ਜਾਹਿ। ਜਪੁ ਰਾਸਿ ਕਰਿ। ਸ਼ਬਦ ਸਲੋਕ ਸਭਿ ਬਾਬੇ ਨਾਨਕ ਦੇ ਅਰੁ ਆਗਿਆ ਬਾਬੇ ਨਾਨਕ ਦੀ। ਨਾਲਿ ਜਿਉ ਜਿਉ ਉਤਮ ਪਉੜੀਆਂ ਸਨਿ ਪਾਰਬ੍ਰਹਮ ਦੀ

*ਜਪੁਜੀ ਸਟੀਕ ਭਾਈ ਜੋਧ ਸਿੰਘ। ਪੰਨਾ ੫ ਭੂਮਿਕਾ ਅਤੇ ਦੁਆਦਿ ਸਹਿਰੀ ਭਾਗ ਪਹਿਲਾ (ਉਰਦੂ) ਕਰਤਾਰ ਸਿੰਘ ਐਡਵੋਕੇਟ ਪੰਨਾ ੪ ਤਮਹੀਦ।

ਸਿਫਤ ਸਲਾਹ ਦੀਆਂ ਤਿਉਂ ਤਿਉਂ ਬਾਬੇ ਨਾਨਕ ਦੇ ਹਜ਼ੂਰਿ ਅੰਗਦੁ ਸਿਖ ਬਣਾਇ ਚੁਣਿ ਚੁਣਿ ਬਾਬੇ ਨਾਨਕ ਨੂੰ ਸੁਣਾਇਦਾ ਜਾਇ।''

ਸਿਭੂ ਨਾਥ ਦੀ ਇਸ ਭੂਮਿਕਾ ਅਨੁਸਾਰ ਬਾਣੀ ਸਾਰੀ ਸ੍ਰੀ ਗੁਰੂ ਨਾਨਕ ਦੇਵ ਨੇ ਰੱਚੀ ਤੇ ਸ੍ਰੀ (ਗੁਰੂ) ਅੰਗਦ ਦੇਵ ਜੀ ਨੂੰ ਸੁਣਾਈ, ਜਿਨ੍ਹਾਂ ਨੇ ਆਦਿ ਗੁਰੂ ਦੀ ਆਗਿਆ ਅਨੁਸਾਰ ਸਲੋਕ ਤੇ ਪਉੜੀਆਂ ਗੁਰੂ ਨਾਨਕ ਸਾਹਿਬ ਦੀ ਇੱਛਾ ਤੇ ਪਰਵਾਨਗੀ ਅਨਸਾਰ ਬੀੜਨ ਤੇ ਲਿਖਣ ਦਾ ਕਾਰਜ ਕੀਤਾ। ਇਹ ਭੀ ਇਸ਼ਾਰਾ ਹੈ ਕਿ ਜਪੁਜੀ ਦੀ ਬਾਣੀ ਗੁਰੂ ਨਾਨਕ ਸਾਹਿਬ ਦੀ ਸਾਰੀ ਬਾਣੀ ਵਿਚੋਂ ਚੁਣ ਕੇ ਲਿਖੀ ਗਈ ਕਿਉਂਕਿ ਅਗੇ ਸਿਭੂ ਨਾਥ ਨੇ ਲਿਖਿਆ ਹੈ ਕਿ—

''ਬਾਬਾ ਨਾਨਕ ਆਖੈ ਸਾਬਾਸਿ ਪੁਰਖਾ, ਏਹ ਦਿਬਾਉ ਲਗਦੀ ਹੈ।... ਸਲੋਕ ਦਿਬਾਉ ਬਣਦਾ ਹੈ। ਬਾਣੀ ਤਾਂ ਸਭ ਗੁਰੂ ਬਾਬੇ ਨਾਨਕ ਦੇ ਮੁਖ ਦੀ ਹੈ ਪਰ ਬਣਾਈ ਅੰਗਦ ਸਿਖ ਦੇ ਵਿਚਿ। ਗੁਰੂ ਬਾਬਾ ਖੁਸ਼ੀ ਹੋਇਆ ।...ਤਬ ਬਾਬੇ ਨਾਨਕ ਆਪਣਾ ਖਜ਼ਾਨਾ ਅੰਗਦਿ ਸਿਖ ਕੋ ਹਵਾਲੇ ਕੀਤਾ। ਕਹਿਓਸੁ ਪੁਰਖਾ, ਹੁਣ ਤੂ ਜਪੁ ਰਚਿ, ਸਿਫ਼ਤ ਪਾਰਬ੍ਰਹਮ ਦੀ। ਤਬ ਬਾਬੇ ਨਾਨਕ ਦੇ ਹਜ਼ੂਰਿ ਗੁਰੂ ਅੰਗਦ ਬਾਬੇ ਦੀ ਬਾਣੀ ਦਾ ਜੋੜ ਬੰਧਿਆ । ਜਪੁ ਕਾ ॥ ੩੮ ॥ ਅਠਤੀਸ ਪਉੜੀਆਂ ਸਾਰੀ ਬਾਣੀ ਵਿਚਹੁ ਮਥਿ ਕਰਿ ਕਢੀ ਹੈ।'

ਡਾਕਟਰ ਮੋਹਨ ਸਿੰਘ ਨੇ ਆਪਣੀ ਪੁਸਤਕ 'ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ' ਵਿਚ ਇਕ ਹੋਰ ਹਥ ਲਿਖਤੀ ਟੀਕੇ ਦਾ ਜ਼ਿਕਰ ਕਰਦੇ ਹੋਏ ਇਹ ਲਿਖਿਆ ਹੈ ਕਿ ਇਸ ਟੀਕੇ ਅਨੁਸਾਰ ਜਦ ਗੁਰੂ ਨਾਨਕ ਦੇਵ ਸਿਧਾਂ ਨੂੰ ਮਿਲਣ ਲਈ ਸੁਮੇਰ ਪ੍ਰਬਤ ਤੇ ਗਏ ਤਾਂ ਉਥੇ ਉਨ੍ਹਾਂ ਜਪੁ ਉਚਾਰਨ ਕੀਤਾ ਇਸ ਦਾ ਹਵਾਲਾ ਇਸ ਟੀਕੇ ਵਿਚੋਂ ਇੰਜ ਹੈ :

''......ਗੁਰੂ ਅੰਗਦ ਨੇ ਸਾਹਿਬਾਂ ਨੂੰ ਕਿਹਾ ਜੋ ਬੈਰਾਗੀਆਂ ਕੇ ਮਹੰਤੇ ਨੇ ਮੇਰੇ ਸੇ ਪੂਛਾ ਸੀ ਜੋ ਤੁਮਾਰਾ ਮਾਲਾ ਮੰਤ੍ਰ ਕੌਨ ਸਾ ਹੈ ਤਾਂ ਮੈਨੇ ਕਹਾ ਜੋ ਮੈਨੂੰ ਯਾਦ ਨਹੀਂ। ਤਾਂ ਗੁਰੂ ਨਾਨਕ ਜੀ ਕਹਾ ਹੇ ਪੁਰਖਾ ! ਹਮ ਨੇ ਮਾਲਾ ਮੰਤ੍ਰ ਤਾਂ ਅਗੇ ਹੀ ਬਣਾਇਆ ਹੂਆ ਹੈ। ਤੁਮ ਕੋ ਯਾਦ ਨਹੀਂ। ਜਬ ਹਮ ਨੇ ਧਰਤੀ ਦਾ ਸੈਲ ਕਰ ਕੇ ਸੁਮੇਰ ਪੈ ਗਏ ਸੇ ਤਬ ਹਮ ਨੇ ਬਨਾਯਾ ਸੀ।''

ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਜਪੁਜੀ ਦੇ ਉਚਾਰਨ ਸਬੰਧੀ ਇਉਂ ਲਿਖਿਆ ਹੈ :

"......ਬੈਠ ਕਹੋ ਅੰਗਦ ਸੰਗ ਬਚਨਾ।
ਪਰ ਉਪਕਾਰ ਜਿਨਹਿ ਮਨ ਰਚਨਾ।
ਅਬ ਤੁਮ ਜਗਤ ਉਧਾਰਨ ਕਾਰਨ।
ਮੂਲ ਮੰਤ੍ਰ ਸਭ ਕਰਹੁ ਸੁਧਾਰਨੁ...... ।

ਇਉਂ ਜਦ ਗੁਰੂ ਨਾਨਕ ਦੇਵ ਨੇ ਆਪਣੇ ਅਨਿੰਨ ਸਿਖ ਅੰਗਦ ਦੇਵ ਨੂੰ ਇਹ ਬਚਨ ਕਹੇ ਤਾਂ (ਗੁਰੂ) ਅੰਗਦ ਸਾਹਿਬ ਨੇ 'ਜਪੁਜੀ' ਦੀ ਰਚਨਾ ਸੰਕਲਨ ਕੀਤੀ :

"ਸੁਨਿ ਸ੍ਰੀ ਅੰਗਦ ਬੰਦਨ ਠਾਨੀ।
ਬੀਨ ਬੀਨ ਕੀਨੇ ਗੁਰਬਾਨੀ।
ਆਨਿ ਸੁਨਾਵਨ ਕੀਨਿ ਸੁਹਾਨੀ।
ਤਬਿ 'ਜਪੁ' ਨਾਮ ਧਰਯੋ ਗੁਰਬਾਨੀ।"

ਅਜੋਕੇ ਟੀਕਾਕਾਰਾਂ ਵਿਚੋਂ ਪ੍ਰੋ: ਸਾਹਿਬ ਸਿੰਘ ਦਾ ਖਿਆਲ ਇੰਜ ਹੈ :

' ਜਿਉਂ ਜਿਉਂ ਪਾਠਕ ਸਜਨ ਗਹੁ ਨਾਲ ਇਸ ਬਾਣੀ ਵਿਚ ਜੁੜਨਗੇ ਇਹ ਗੱਲ ਸਾਫ਼ ਦਿਸਣ ਲਗ ਪਏਗੀ ਕਿ ਇਹ ਸਾਰੀ ਵਿਚਾਰ ਇਕੋ ਹੀ ਤੁਕ ਦੇ ਦੁਆਲੇ ਹੈ— ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ?' ਬੜੀ ਉਚੀ ਉਡਾਰੀ ਹੈ। ਮਨੁਖਾ ਜੀਵਨ ਦੇ ਇਕ ਅਤਿ ਜ਼ਰੂਰੀ ਪਹਿਲੂ ਤੇ ਡੂੰਘੀ ਵਿਚਾਰ ਹੈ। ਇਸ ਬਾਣੀ ਦਾ ਸਾਰਾ ਮਿਲਵਾਂ ਮਜ਼ਮੂਨ ਇਉਂ ਦਸ ਰਿਹਾ ਹੈ ਕਿ ਇਹ ਇਕਾਂਤ ਸਮੇਂ, ਇਕਾਂਤ ਥਾਂ ਤੇ ਇਕਾਂਤ ਚਿਤ ਹੋ ਕੇ ਲਿਖੀ ਗਈ ਹੈ।"

ਅਗੇ ਚਲ ਕੇ ਆਪ ਲਿਖਦੇ ਹਨ—"ਪ੍ਰਸ਼ਨਾਂ ਉਤਰਾਂ ਨੂੰ ਛਡ ਕੇ ਜਿਉਂ ਜਿਉਂ ਇਸ ਬਾਣੀ ਦੀ ਡੂੰਘਾਈ ਵਿਚ ਚੁਭੀ ਲਾਵਾਂਗੇ, ਤਿਉਂ ਤਿਉਂ ਇਹ ਸਵਾਦਲੀ ਸਮਝ ਆਵੇਗੀ ਕਿ ਇਹ ਸਾਰੀ ਵਿਚਾਰ 'ਕਿਵ ਕੂੜੈ ਤੁਟੈ ਪਾਲਿ (?) ਦੇ ਧੁਰੇ ਦੇ ਦੁਆਲੇ ਘੁੰਮ ਰਹੀ ਹੈ, ਜੋ ਕਿਸੇ ਜੁੜੇ ਮਨ ਦੀ ਉਡਾਰੀ ਦਾ ਹੀ ਨਤੀਜਾ ਹੋ ਸਕਦਾ ਹੈ, ਪ੍ਰਸ਼ਨਾਂ ਉਤਰਾਂ ਦਾ ਨਹੀਂ ਹੋ ਸਕਦਾ।"

ਇਸ ਗਲ ਵਿਚ ਕੋਈ ਸੰਦੇਹ ਨਹੀਂ ਕਿ ਇਹ ਬਾਣੀ ਬੜੀ ਗੰਭੀਰ ਹੈ ਤੇ 'ਕਿਵ ਕੂੜੇ ਤੁਟੈ ਪਾਲਿ' ਦੇ ਧੁਰੇ ਦੁਆਲੇ ਘੁੰਮਦੀ ਹੈ। ਪਰ ਪ੍ਰੋ: ਸਾਹਿਬ ਸਿੰਘ ਦੀ ਇਹ ਦਲੀਲ ਕਾਟ ਨਹੀਂ ਕਰਦੀ ਕਿ ਇਹ ਬਾਣੀ ਇਕੋ ਵਾਰੀ ਹੀ ਲਿਖੀ ਗਈ।

ਉਪਰ ਦਿਤੇ ਇਤਿਹਾਸਕ ਹਵਾਲਿਆਂ (ਭਾਈ ਗੁਰਦਾਸ, ਪੁਰਾਤਨ ਜਨਮ

ਸਾਖੀ) ਤੇ ਕੁਝ ਟੀਕਿਆਂ ਵਿਚੋਂ ਦਿਤੇ ਗਏ ਹਵਾਲਿਆਂ ਦੀ ਰੋਸ਼ਨੀ ਵਿਚ ਸਿੱਟਾ ਇਹ ਨਿਕਲਦਾ ਹੈ ਕਿ ਭਾਵੇਂ ਜਪੁਜੀ ਦੀ ਰਚਨਾ ਗੁਰੂ ਨਾਨਕ ਸਾਹਿਬ ਦੀ ਹੈ ਪਰ ਇਸ ਦੀ ਸੰਕਲਨਾਂ ਗੁਰੂ ਅੰਗਦ ਦੇਵ ਨੇ ਆਦਿ ਗੁਰੂ ਦੀ ਆਗਿਆ ਅਨੁਸਾਰ ਕੀਤੀ ! ਜਪੁਜੀ ਇਕੋ ਸਮੇਂ ਰਚੀ ਗਈ ਰਚਨਾ ਨਹੀਂ ਹੈ। ਕੁਝ ਹਿੱਸਾ ਵੇਈਂ ਨਦੀ ਵਿਚ ਪ੍ਰਵੇਸ਼ ਸਮੇਂ ਉਚਾਰਨ ਹੋਇਆ ਤੇ ਕੁਝ ਸਿਧ ਗੋਸ਼ਟ ਜਾਂ ਹੋਰ ਮੌਕਿਆਂ ਤੇ। ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ ਵਿਚੋਂ ਵਖ ਵਖ ਛੰਦਾਂ ਤੇ ਵਖ ਵਖ ਰੂਪਾਂ ਦੇ ਸ਼ਬਦ ਪਉੜੀਆਂ ਤੇ ਸਲੋਕਾਂ ਦੇ ਰੂਪ ਵਿਚ ਚੁਣ ਕੇ ਗੁਰੂ ਨਾਨਕ ਦੀ ਸਲਾਹ ਅਨੁਸਾਰ (ਗੁਰੂ) ਅੰਗਦ ਸਾਹਿਬ ਨੇ ਵਿਉਂਤਬੰਦ ਕੀਤੇ।

ਜਪੁਜੀ ਦਾ ਮੂਲ ਮੰਤ੍ਰ ਸੁਲਤਾਨਪੁਰ ਲੋਧੀ ਉਚਾਰਨ ਹੋਇਆ—'ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਦਾ ਸਲੋਕ ਉਥੇ ਹੀ ਉਚਾਰਿਆ ਗਿਆ ਪਰ ਜਪੁਜੀ ਦਾ ਸੰਪੂਰਨ ਰੂਪ ਜੋ ਕਿ ਹੁਣ ਸਾਨੂੰ ਪ੍ਰਾਪਤ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਵਿਤ੍ਰ ਬੀੜਾਂ ਵਿਚ ਆਦਿ ਬਾਣੀ ਕਰਕੇ ਅੰਕਿਤ ਹੈ ਕਰਤਾਰ ਪੁਰ (ਰਾਵੀ) ਵਿਖੇ ਹੀ ਦਿਤਾ ਗਿਆ।

ਜਪੁਜੀ ਸਾਹਿਬ ਵਿਚ ਗੁਰੂ ਜੀ ਨੇ ਆਪਣੇ ਵੇਲੇ ਦੇ ਪਰਚਲਤ ਮਤਾਂ ਤੇ ਟੀਕਾ ਟਿਪਣੀ ਕੀਤੀ ਹੈ (ਜਿਵੇਂ ਕਿ ਪੰਡਤਾਂ, ਕਾਜੀਆਂ, ਸਿਧਾਂ ਜੋਗੀਆਂ, ਆਦਿ ਦਾ ਜ਼ਿਕਰ ਹੈ) ਇਸ ਤੋਂ ਇਹ ਕਿਆਸ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਦੇਸ਼ ਦੇਸ਼ਾਂਤਰਾਂ ਦਾ ਰਟਨ ਕਰਦੇ ਹੋਏ ਇਹ ਬਾਣੀ ਵਖ ਵਖ ਹਿਸਿਆਂ ਵਿਚ ਉਚਾਰਨ ਕੀਤੀ ਹੋਏਗੀ। ਪਰ ਇਤਿਹਾਸਕ ਹਵਾਲਿਆਂ ਤੋਂ ਅਨੁਮਾਨ ਹੈ ਕਿ ਸਾਰੀ ਬਾਣੀ ਦੀ ਛਾਣ ਬੀਨ ਕਰਕੇ ਤੇ ਮਥ ਕੇ (ਗੁਰੂ) ਅੰਗਦ ਸਾਹਿਬ ਨੇ ਹੀ ਹੁਣ ਦੀ ਪ੍ਰਾਪਤ ਸ਼ਕਲ ਵਿਚ ਲਿਖੀ ਤੇ ਗੁਰੂ ਨਾਨਕ ਸਾਹਿਬ ਨੇ ਪ੍ਰਵਾਨਗੀ ਦਿੱਤੀ।

ਅੰਤਮ ਬੇਨਤੀ—

ਜਪੁਜੀ ਸਾਹਿਬ ਇਕ ਅਮੋਲਕ ਬਾਣੀ ਹੈ ਜਿਸ ਨੂੰ ਸੰਸਾਰ ਭਰ ਦੇ ਜੀਵਾਂ ਦੇ ਉਧਾਰ ਲਈ ਨਿਰੰਕਾਰੀ ਸਤਿਗੁਰ ਨੇ ਉਚਾਰਣ ਕੀਤਾ ਤੇ ਸੱਚੇ ਪਾਰਖੂ ਪੰਚਮ ਸਤਿਗੁਰ ਜੀ ਨੇ ਇਸ ਬਾਣੀ ਰੂਪ ਰਤਨ ਨੂੰ ਆਦਿ ਗ੍ਰੰਥ ਦੇ ਆਦਿ ਵਿਚ ਜੜਿਆ। ਜਪੁਜੀ ਸਾਹਿਬ ਦੇ ਕੁਝ ਵਖ ਵਖ ਪਖਾਂ ਤੇ ਆਪਣੀ ਅਲਪ ਬੁਧੀ ਅਨੁਸਾਰ ਕੁਝ

ਲਿਖਣ ਦਾ ਇਹ ਨਿਮਾਣਾ ਜਿਹਾ ਯਤਨ ਕੀਤਾ ਹੈ। ਜਪੁਜੀ ਦੇ ਸਹੀ ਅਰਥਾਂ ਤੇ ਇਸ ਦੇ ਗੁਣਾਂ ਨੂੰ ਤਾਂ ਇਸ ਦੇ ਕਰਤਾ ਗੁਰੂ ਜੀ ਆਪ ਹੀ ਜਾਣਦੇ ਹਨ ਜਾਂ ਕੁਝ ਗੁਰੂ ਦੇ ਉਹ ਪਿਆਰੇ ਬਿਆਨ ਕਰ ਸਕਦੇ ਹਨ ਜਿਹਨਾਂ ਉਤੇ ਉਸਦੀ ਮਿਹਰ ਤੇ ਨਦਰ ਹੁੰਦੀ ਹੈ ਅਤੇ ਜੋ ਓਸਦੀ ਕ੍ਰਿਪਾ ਦੁਆਰਾ ਆਪਾ ਗੁਆ ਕੇ ਗੁਰੂ ਨਾਲ ਅਭੇਦ ਹੋ ਜਾਂਦੇ ਹਨ। ਕੋਈ ਭੀ ਇਹ ਦਾਅਵੇ ਨਾਲ ਨਹੀਂ ਕਹਿ ਸਕਦਾ ਕਿ ਉਸਦੀ ਟੀਕਾ ਟਿਪਣੀ ਬਿਲਕੁਲ ਠੀਕ ਤੇ ਨਿਰਦੋਸ਼ ਹੈ। ਜਿਹੋ ਜਹੀ ਅਕਲ ਗਿਆਨ ਤੇ ਅਨੁਭਵ ਕਿਸੇ ਦਾ ਹੈ ਉਸੇ ਅਨੁਸਾਰ ਹੀ ਉਹ ਬਿਆਨ ਕਰਦਾ ਹੈ। ਸੱਚ ਤਾਂ ਇਹ ਹੈ ਕਿ ਜਿਹਨਾਂ ਸਤਿਗੁਰੂ ਦੇ ਪਿਆਰਿਆਂ ਨੇ ਇਸ ਬਾਣੀ ਦੇ ਅਰਥਾਂ ਨੂੰ ਪੂਰੇ ਤੋਰ ਤੇ ਸਮਝ ਲਿਆ ਤੇ ਜਿਨ੍ਹਾਂ ਨੇ ਇਸ ਨੂੰ ਹਿਰਦੇ ਵਿਚ ਵਸਾ ਕੇ ਸੁਆਸ ਸੁਆਸ ਉਸ ਕਰਤਾ ਪੁਰਖ ਦਾ ਸਿਮਰਨ ਕੀਤਾ ਉਹ ਅਮਰ ਹੋ ਗਏ !

ਇਸੇ ਜਪੁਜੀ ਦੀ ਸਰਬੋਤਮ ਬਾਣੀ ਦਾ ਪਾਠ ਕਿਸੇ ਸਹਿਜ ਅਵਸਥਾ ਵਿਚ ਕਰਦਿਆਂ ਗੁਰੂ ਸਾਹਿਬਾਂ ਤੇ ਗੁਰੂ ਦੇ ਸੱਚੇ ਸਿਖਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਇਸੇ ਮਹਾਨ ਪਵਿਤ੍ਰ ਰਚਨਾ ਜਪੁਜੀ ਸਾਹਿਬ ਦਾ ਇਕਾਗਰ ਚਿਤ ਹੋ ਕੇ ਸ਼ੁੱਧ ਪਾਠ ਸੁਣਾਉਣ ਵਾਲੇ ਸਿੱਖ ਨੂੰ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਆਪਣੀ ਗੱਦੀ ਦੇਣ ਤੱਕ ਤਿਆਰ ਹੋ ਗਏ ਸਨ।

ਅੱਜ ਕੱਲ ਭਾਵੇਂ ਪੰਜਾਂ ਬਾਣੀਆਂ ਦਾ ਪਾਠ ਕਰਨ ਵਾਲੇ ਤਾਂ ਕੋਈ ਵਿਰਲੇ ਹੀ ਮਿਲਣਗੇ ਪਰ ਜਪੁਜੀ ਦਾ ਪਾਠ ਕਰਨ ਵਾਲਿਆਂ ਦੀ ਗਿਣਤੀ ਅੰਜੇ ਭੀ ਬੜੀ ਹੈ। ਇਨ੍ਹਾਂ ਵਿਚੋਂ ਬਹੁਤੇ ਕੇਵਲ ਪਾਠ ਨਿਤ ਦੀ ਕਿਰਿਆ ਜਾਣ ਕੇ ਇਕ ਫ਼ਰਜ਼ ਹੀ ਨਿਭਾਂਦੇ ਹਨ। ਉਹ ਭੀ ਧੰਨ ਹਨ। ਪਰ ਵਧੇਰੇ ਧੰਨਤਾ ਤੇ ਸ਼ਲਾਘਾ ਯੋਗ ਉਹ ਹਨ ਜੋ ਕਿ ਪਾਠ ਵਿਚਾਰ ਕੇ ਕਰਦੇ ਹਨ, ਸ਼ੁਧ ਕਰਦੇ ਹਨ ਤੇ ਆਪਣੇ ਜੀਵਨ ਵਿਚ ਢਾਲਣ ਤੇ ਅਮਲ ਕਰਨ ਦਾ ਯਤਨ ਤੇ ਉਪਰਾਲਾ ਕਰਦੇ ਹਨ।

ਜਪੁਜੀ ਸਾਹਿਬ ਸ੍ਰੀ ਅਕਾਲ ਪੁਰਖ ਦੇ ਸਨਮੁਖ ਇਕ ਅਰਜੋਈ ਹੈ। ਸਾਡਾ ਇਹ ਫਰਜ਼ ਹੈ ਕਿ ਤੜਕੇ ਪ੍ਰਭਾਤ ਵੇਲੇ ਉਠ ਕੇ ਸੋਚ ਇਸ਼ਨਾਨ ਤੋਂ ਵਿਹਲਿਆਂ ਹੋ ਕੇ ਆਸਣ ਜਮਾ ਕੇ ਬੈਠੀਏ ਅਤੇ ਇਸ ਪਵਿਤ੍ਰ ਤੇ ਸਰਬ ਗੁਣ ਨਿਧਾਨ ਬਾਣੀ ਦੇ ਪਵਿਤ੍ਰ ਪਾਠ ਆਰੰਭਣ ਤੋਂ ਪਹਿਲਾਂ ਅਕਾਲਪੁਰਖ ਨੂੰ ਹਾਜ਼ਰ ਨਾਜ਼ਰ ਜਾਣ ਕੇ ਇਹ ਬੇਨਤੀ ਕਰੀਏ : 'ਹੇ ਸੱਚੇ ਪਾਤਿਸ਼ਾਹ ! ਸੱਚੇ ਪਿਤਾ ਸਾਹਿਬ ਗੁਰੂ ਨਾਨਕ ਦੇਵ ਜੀ

ਦੀ ਉਚਾਰੀ ਹੋਈ ਪਵਿਤ੍ਰ ਬਾਣੀ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨ ਲੱਗਾ ਹਾਂ। ਆਪ ਮੇਰੇ ਹਿਰਦੇ ਵਿਚ ਵਾਸਾ ਕਰਦੇ ਹੋਏ ਮੈਥੋਂ ਇਸ ਦਾ ਪਾਠ ਸੁਣੋ। ਇਸ ਦੇ ਸ਼ੁਧ ਪਾਠ ਤੇ ਸਹੀ ਅਰਥਾਂ ਨੂੰ ਸਮਝਣ ਦੀ ਬੁਧੀ ਬਖ਼ਸ਼ੋ ਅਤੇ ਇਸਦੇ ਮਹਾਨ ਪਵਿਤ੍ਰ ਆਸ਼ਿਆਂ ਨੂੰ ਮੇਰੇ ਮਨ ਅੰਦਰ ਵਸਾਣ ਦੀ ਕ੍ਰਿਪਾਲਤਾ ਕਰੋ ਤਾਂ ਜੋ ਮੇਰੇ ਅੰਤਰ ਆਤਮੇ ਸੱਚ ਦਾ ਪ੍ਰਕਾਸ਼ ਹੋਵੇ।' ਅਸੀਂ ਇਹ ਭੀ ਅਰਦਾਸ ਕਰੀਏ ਕਿ 'ਹੇ ਸੱਚੇ ਪਾਤਸ਼ਾਹ ਮੇਰੇ ਉਪਰ ਮਿਹਰ ਕਰੋ ਕਿ ਜਦ ਮੈਂ ਇਸ ਬਾਣੀ ਦਾ ਪਾਠ ਕਰਾਂ ਤਾਂ ਮੇਰੇ ਮਨ ਦੀਆਂ ਰੁਚੀਆਂ ਇਕਾਗਰਤਾ ਨਾਲ ਇਸ ਵਿਚ ਜੁੜਨ ਤੇ ਬਿਰਤੀ ਸਤਿ-ਗੁਰੂ ਜੀ ਦੇ ਚਰਨਾਂ ਵਿਚ ਲੱਗੇ।'

ਅੰਤ ਵਿਚ ਦਾਸ ਦੀ ਇਹ ਜੋਦੜੀ ਹੈ ਕਿ ਗੁਰੂ ਸੁਆਰੇ ਪਾਠਕ ਜੀਓ ਤੁਸੀਂ ਸਤਿਗੁਰੂ ਜੀ ਦੇ ਅੱਗੇ ਇਹ ਅਰਦਾਸ ਕਰੋ ਕਿ ਦਾਸ ਨੂੰ ਭੀ ਜਪੁਜੀ ਸਾਹਿਬ ਨੂੰ ਸਹੀ ਰੂਪ ਵਿਚ ਸਮਝਣ ਤੇ ਇਸ ਦੇ ਪਵਿਤ੍ਰ ਅਸੂਲਾਂ ਉਤੇ ਚਲਣ ਦਾ ਮਨ ਬਚ ਕਰਮ ਕਰਕੇ ਬਲ ਬੁਧੀ ਤੇ ਸਮਰਥਾ ਪ੍ਰਾਪਤ ਹੋਵੇ।

"ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਕਾ ਭਲਾ ॥

———

ਜਪੁਜੀ

ਸ: ਕਰਤਾਰ ਸਿੰਘ ਦੁੱਗਲ

ਜਪੁਜੀ ਸੰਸਾਰ ਸਾਹਿਤ ਦੀ ਇਕ ਸਰਵੋਤਮ ਕਾਵਿ ਰਚਨਾ ਹੈ। ਜੇਕਰ ਗੁਰੂ ਨਾਨਕ ਦੇਵ ਈਸ਼ਵਰ ਦੇ ਅਵਤਾਰ ਨਾ ਵੀ ਹੁੰਦੇ ਤਾਂ ਵੀ ਉਹ ਇਸ ਮਹਾਨ ਰਚਨਾ ਦੇ ਕਰਤਾ ਹੋਣ ਸਦਕਾ ਸੰਸਾਰ ਦੇ ਸਭ ਤੋਂ ਮਹਾਨ ਵਿਅਕਤੀ ਗਿਣੇ ਜਾਣੇ ਸਨ।

ਬਹੁਤ ਸਾਰੇ ਪੈਗੰਬਰਾਂ ਨੂੰ, ਜਿਨ੍ਹਾਂ ਆਪਣੇ ਧਰਮ ਦਾ ਪ੍ਰਚਾਰ ਕੀਤਾ, ਕਵੀ ਬਣਨਾ ਪਿਆ। ਇਸ ਦਾ ਕਾਰਨ ਇਹ ਹੈ ਕਿ ਕਵਿਤਾ ਹਮੇਸ਼ਾਂ ਹੀ ਵਿਚਾਰ ਪ੍ਰਗਟ ਕਰਨ ਦਾ ਇਕ ਸ਼ਕਤੀਸ਼ਾਲੀ ਮਾਧਿਅਮ ਰਹੀ ਹੈ। ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦੀ ਬੋਲੀ ਨੂੰ ਅਪਣਾਇਆ। ਅਭਾਗਵਸ ਉਸ ਸਮੇਂ ਇਸ ਬੋਲੀ ਦਾ ਏਨਾ ਵਿਕਾਸ ਨਹੀਂ ਹੋਇਆ ਸੀ ਪਰ ਪੰਜਾਬੀ ਦੇ ਕਿਸੇ ਹੋਰ ਕਵੀ ਦੇ ਵਿਪਰੀਤ ਗੁਰੂ ਸਾਹਿਬ ਆਪਣੇ ਪਰਚਾਰ ਲਈ ਦੂਰ ਦੂਰ ਤਕ ਗਏ। ਪੰਜਾਬ ਦੀ ਧਰਤੀ ਦਾ ਤਾਂ ਉਨ੍ਹਾਂ ਚੱਪਾ ਚੱਪਾ ਰਟਨ ਕੀਤਾ ਸੀ ਜਿਸਦੇ ਫਲਸਰੂਪ ਉਨ੍ਹਾਂ ਦੀ ਭਾਸ਼ਾ ਵਖ ਵਖ ਉਪ-ਬੋਲੀਆਂ ਦੇ ਸ਼ਬਦਾਂ ਨਾਲ ਅਮੀਰ ਹੋ ਗਈ। ਗੁਰੂ ਸਾਹਿਬ ਦੀਆਂ ਰਚਨਾਵਾਂ

ਵਿਚ ਸਾਨੂੰ ਪੰਜਾਬੀ ਭਾਸ਼ਾ ਦੀਆਂ ਹਰ ਪ੍ਰਕਾਰ ਦੀਆਂ ਵੰਨਗੀਆਂ ਮਿਲਦੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਖੜੀ ਬੋਲੀ, ਫਾਰਸੀ ਅਤੇ ਅਰਬੀ ਵਰਗੀਆਂ ਗੁਆਂਢੀ ਭਾਸ਼ਾਵਾਂ ਚੋਂ ਵੀ ਕਈ ਸ਼ਬਦ ਉਧਾਰ ਲਏ।

ਗੁਰੂ ਨਾਨਕ ਦੇਵ ਜੀ ਨੇ ਦੇਸ਼ ਦੇ ਵਖ ਵਖ ਭਾਗਾਂ ਵਿਚ ਜਾਕੇ, ਜਿਨ੍ਹਾਂ ਵਿਚ ਹਿਮਾਲਾ ਦੀਆਂ ਚੋਟੀਆਂ ਵੀ ਸ਼ਾਮਲ ਹਨ, ਆਪਣੇ ਸਮੇਂ ਦੇ ਸਾਧੂ ਸੰਤਾਂ ਨਾਲ ਗੋਸ਼ਟੀਆਂ ਕੀਤੀਆਂ ਪਰ ਕਿਤੇ ਵੀ ਉਨ੍ਹਾਂ ਨੂੰ ਭਾਸ਼ਾ ਦੀ ਕੋਈ ਕਠਿਨਾਈ ਪੇਸ਼ ਨਾ ਆਈ। ਅਸਲ ਵਿੱਚ ਉਸ ਸਮੇਂ ਦੇ ਭਗਤਾਂ ਨੇ ਆਪਣੀ ਹੀ ਇਕ ਬੋਲੀ ਬਣਾ ਲਈ ਹੋਈ ਸੀ। ਉਨ੍ਹਾਂ ਦੇ ਧਰਮ ਅਤੇ ਉਦੇਸ਼ ਨੇ ਇਕ ਅਜੇਹੀ ਭਾਸ਼ਾ ਨੂੰ ਜਨਮ ਦਿਤਾ ਜਿਸ ਵਿਚ ਸ਼ਬਦਾਂ ਦੀ ਬੜੀ ਸਾਂਝ ਸੀ।

ਜਪੁਜੀ ਦੀ ਰਚਨਾ ਕਦੋਂ ਕੀਤੀ ਗਈ, ਇਸ ਬਾਰੇ ਬਹੁਤ ਘਟ ਪ੍ਰਮਾਣ ਮਿਲਦੇ ਹਨ। ਪਰ ਇਸ ਰਚਨਾ ਵਿਚ ਵਿਚਾਰਾਂ ਦੀ ਮੌਲਿਕਤਾ, ਪਕਿਆਈ ਅਤੇ ਰਵਾਨੀ ਅਤੇ ਇਸਨੂੰ ਨਿਭਾਉਣ ਵਿਚ ਵਰਤੀ ਗਈ ਯੋਗਤਾ ਇਹ ਗੱਲ ਸਾਬਤ ਕਰਦੀ ਹੈ ਕਿ ਇਸ ਦੀ ਰਚਨਾ ਗੁਰੂ ਸਾਹਿਬ ਦੇ ਜੀਵਨ ਕਾਲ ਦੇ ਅੰਤਲੇ ਹਿੱਸੇ ਵਿਚ, ਖਾਸ ਕਰਕੇ ਉਦੋਂ ਜਦੋਂ ਉਹ ਕਰਤਾਰਪੁਰ ਆ ਕੇ ਵਸ ਗਏ ਸਨ, ਹੋਈ।

ਮਿਹਰਬਾਨ, ਜੋ ਗੁਰੂ ਸਾਹਿਬ ਦੇ ਮੁਢਲੇ ਤਿੰਨ ਜੀਵਨੀ-ਲੇਖਕਾਂ ਵਿਚੋਂ ਸੀ, ਅਨੁਸਾਰ ਜਦੋਂ ਗੁਰੂ ਜੀ ਸੁਲਤਾਨਪੁਰ ਵਿਚ ਵੇਈਂ ਨਦੀ ਵਿਚ ਅਲੋਪ ਹੋ ਗਏ ਸਨ ਉਦੋਂ ਉਨ੍ਹਾਂ ਜਪੁਜੀ ਉਚਾਰਿਆ ਸੀ। ਮਿਹਰਬਾਨ ਨੇ ਗੁਰੂ ਨਾਨਕ ਦੇਵ ਜੀ ਦੀ ਜੀਵਨ ਸਾਖੀ ਉਨ੍ਹਾਂ ਦੀ ਬਾਣੀ ਨੂੰ ਆਧਾਰ ਬਣਾਕੇ ਲਿਖਣ ਦਾ ਜ਼ਤਨ ਕੀਤਾ ਹੈ। ਇਸ ਲਈ ਸੁਭਾਵਿਕ ਹੀ ਉਸਨੇ ਜਪੁਜੀ ਨੂੰ ਸਰਵੁਚ ਸਥਾਨ ਦਿਤਾ ਹੈ ਜਿਸਦਾ ਉਚਾਰਨ ਵਾਹਿਗੁਰੂ ਦੀ ਹਜ਼ੂਰੀ ਵਿਚ ਕੀਤਾ ਗਿਆ ਸੀ।

ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਲਾਹੌਰ ਵਿਚ ਪਈ ਇਕ ਹੋਰ ਹੱਥ-ਲਿਖਤ ਅਨੁਸਾਰ, ਜਿਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹ 17ਵੀਂ ਸਦੀ ਦੇ ਅੱਧ ਵਿਚ ਲਿਖੀ ਗਈ ਸੀ, ਜਪੁਜੀ ਦੀ ਰਚਨਾ ਕਰਤਾਰਪੁਰ ਵਿਚ ਉਦੋਂ ਕੀਤੀ ਗਈ ਜਦੋਂ ਲਹਿਣਾ ਗੁਰੂ ਨਾਨਕ ਦੇਵ ਜੀ ਕੋਲ ਆਕੇ ਰਹਿਣ ਲੱਗ ਪਿਆ ਸੀ। ਇਹ ਗੱਲ ਵਧੇਰੇ ਮੰਨਣਯੋਗ ਲਗਦੀ ਹੈ।

ਕਾਵਿਕ ਪ੍ਰਵੀਨਤਾ

ਰੂਪ ਦੇ ਪੱਖ ਤੋਂ ਗੁਰੂ ਨਾਨਕ ਦੇਵ ਨੇ ਪੁਰਾਣੀ ਪ੍ਰਪਾਟੀ ਨੂੰ ਅਪਣਾਕੇ ਜਪੁਜੀ ਦਾ ਆਰੰਭ ਅਕਾਲ ਪੁਰਖ ਦੀ ਉਸਤਤੀ ਨਾਲ ਕੀਤਾ ਹੈ ਅਤੇ ਅੰਤ ਵਿਚ ਸਾਰੇ ਵਿਚਾਰਾਂ ਦਾ ਤਤ ਇਕ ਸ਼ਲੋਕ ਵਿਚ ਪ੍ਰਗਟ ਕਰ ਦਿਤਾ ਹੈ। ਇਸ ਰਚਨਾ ਵਿਚ ਰੂਪਕ ਪੱਖ ਤੋਂ ਮਹਾਨ ਪ੍ਰਤਿਭਾ ਤੇ ਕਾਵਿਕ ਪ੍ਰਬੀਨਤਾ ਮਿਲਦੀ ਹੈ। ਗੁਰੂ ਨਾਨਕ ਨੇ ਇਕ ਕਵੀ ਦੇ ਤੌਰ ਤੇ ਕਦੀਂ ਵੀ ਕਾਵਿ ਰੂਪਾਂ ਨੂੰ ਕਰੜਾਈ ਨਾਲ ਨਹੀਂ ਅਪਣਾਇਆ। ਉਹ ਆਧੁਨਿਕ ਕਵੀਆਂ ਵਾਂਗ ਆਪਣੇ ਵਿਚਾਰਾਂ ਦੀ ਰਵਾਨੀ ਨੂੰ ਮੁਖ ਰਖਕੇ ਛੰਦ ਪ੍ਰਬੰਧ ਵਿੱਚ ਲੋੜੀਂਦੀ ਤਬਦੀਲੀ ਕਰ ਲੈਂਦੇ ਸਨ।

ਜਪੁਜੀ ਦੇ ਆਰੰਭ ਵਿਚ ਗੁਰੂ ਜੀ ਵਾਹਿਗੁਰੂ ਦੀ ਬੜੇ ਸਪਸ਼ਟ ਪਰ ਸੰਜਮ-ਭਰਪੂਰ ਸ਼ਬਦਾਂ ਵਿਚ ਪਰਿਭਾਸ਼ਾ ਕਰਦੇ ਹਨ। ਇਕ ਪ੍ਰਵੀਨ ਕਲਾਕਾਰ ਵਾਂਗ ਉਹ ਆਪਣੇ ਚਿਤਰ ਨੂੰ ਭਾਵਪੂਰਤ ਬਣਾਉਣ ਲਈ ਅਲੰਕਾਰਾਂ ਦੀ ਵੀ ਵਰਤੋਂ ਕਰਦੇ ਹਨ। ਉਹ ਪ੍ਰਭੂ ਦੀ ਏਕਤਾ ਬਾਰੇ ਇੰਝ ਫੁਰਮਾਉਂਦੇ ਹਨ:

> ੧ਓ ਸਤਿ ਨਾਮੁ ਕਰਤਾ ਪੁਰਖ ਨਿਰਭਉ
> ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।

ਗੁਰੂ ਨਾਨਕ ਨੇ ਸੱਚ ਨੂੰ ਸਭ ਤੋਂ ਵਧ ਮਹਾਨਤਾ ਦਿਤੀ। ਬਾਕੀ ਸਭ ਚੀਜ਼ਾਂ ਸਚ ਤੋਂ ਹੇਠਾਂ ਹਨ ਪਰ ਸਚ ਤੋਂ ਵੀ ਉਪਰ ਆਪ ਅਚਾਰਾਂ ਦੀ ਸੁਚਤਾ ਪ੍ਰਵਾਨ ਕਰਦੇ ਹਨ:

> ਸਚਹੁ ਓਰੈ ਸਭ ਕੁ
> ਉਪਰ ਸਚੁ ਅਚਾਰ।

ਜੇਕਰ ਪ੍ਰਭੂ ਬਾਰੇ ਸੋਚਦੇ ਹੀ ਰਹੀਏ ਤਾਂ ਵੀ ਉਸਨੂੰ ਲਭਿਆ ਨਹੀਂ ਜਾ ਸਕਦਾ। ਚੁਪ ਰਹਿਕੇ ਜਾਂ ਲਿਵ ਲਗਾ ਕੇ ਵੀ ਪ੍ਰਭੂ ਬਾਰੇ ਕੁਝ ਵੀ ਜਾਣਿਆਂ ਨਹੀਂ ਜਾ ਸਕਦਾ।

ਮੂਲ-ਮੰਤਰ ਪਿਛੋਂ ਇਸ ਬਾਣੀ ਵਿਚ ਗੁਰੂ ਜੀ ਪਹਿਲਾਂ ਆਪ ਪ੍ਰਸ਼ਨ ਕਰਦੇ ਹਨ ਤੇ ਫਿਰ ਆਪ ਹੀ ਉਸਦਾ ਉਤਰ ਦੇਂਦੇ ਹਨ ਤੇ ਇਸ ਤਰ੍ਹਾਂ ਇਹ ਕਾਵਿ

ਰਚਨਾ ਅਗੇ ਤੁਰੀ ਜਾਂਦੀ ਹੈ ਜਿਵੇਂ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ।

ਕਵਿਤਾ ਦੀਆਂ ਸੀਮਾਵਾਂ ਨੂੰ ਵਿਚਾਰਦਿਆਂ ਜਪੁਜੀ ਵਿਚ ਦਿੱਤੀ ਵਿਆਖਿਆ ਅਤਿਅੰਤ ਸਪਸ਼ਟ ਤੇ ਭਾਵਪੂਰਤ ਹੋ ਜਾਂਦੀ ਹੈ ।

ਪੌੜੀਆਂ

ਮੂਲ-ਮੰਤਰ ਅਤੇ ਅਖੀਰਲੇ ਸ਼ਲੋਕ ਨੂੰ ਛਡਕੇ ਜਪੁਜੀ ਵਿਚ ਕੁਲ 38 ਪੌੜੀਆਂ ਹਨ ।

ਪਹਿਲੀਆਂ ਸੱਤਾਂ ਪੌੜੀਆਂ ਵਿਚ ਕਿਹਾ ਗਿਆ ਹੈ ਕਿ ਮਾਇਆ ਨੇ ਪ੍ਰਮਾਤਮਾ ਅਤੇ ਮਨੁਖ ਵਿਚਕਾਰ ਜੋ ਅੰਤਰ ਜਾਂ ਵਿੱਥ ਪੈਦਾ ਕੀਤੀ ਹੋਈ ਹੈ ਉਸਨੂੰ ਦੂਰ ਕਰਨ ਲਈ ਮਨੁੱਖ ਨੂੰ ਪ੍ਰਮਾਤਮਾ ਦੇ ਹੁਕਮ ਵਿਚ ਚਲਣਾ ਚਾਹੀਦਾ ਹੈ । ਉਸ ਪ੍ਰਭੂ ਦੇ ਹੁਕਮ ਅਨੁਸਾਰ ਆਪਣੇ ਜੀਵਨ ਨੂੰ ਢਾਲਕੇ ਮਨੁਖ ਨੂੰ ਚਾਹੀਦਾ ਹੈ ਕਿ ਉਹ ਪ੍ਰਮਾਤਮਾ ਦਾ ਸਿਮਰਨ ਕਰੇ । ਜਿਸ ਵਿਅਕਤੀ ਦਾ ਅਸੀਂ ਸਿਮਰਨ ਕਰਦੇ ਹਾਂ, ਉਸ ਵਰਗੇ ਅਸੀਂ ਬਣ ਜਾਂਦੇ ਹਾਂ । ਪਰ ਗੁਰੂ ਨਾਨਕ ਦੇਵ ਜੀ ਬਾਰ ਬਾਰ ਸਾਨੂੰ ਚੇਤੇ ਕਰਾਉਂਦੇ ਹਨ ਕਿ ਪ੍ਰਮਾਤਮਾ ਦੀ ਨਦਰਿ ਤੋਂ ਬਿਨਾਂ ਅਸੀਂ ਉਸਦਾ ਸਿਮਰਨ ਵੀ ਨਹੀਂ ਕਰ ਸਕਦੇ ਅਤੇ ਨਾ ਹੀ ਉਸਦਾ ਹੁਕਮ ਮੰਨ ਸਕਦੇ ਹਾਂ । ਆਪਣੇ ਕਰਮਾਂ ਦੁਆਰਾ ਅਸੀਂ ਆਪਣੇ ਜਨਮ ਬਾਰੇ ਤਾਂ ਜਾਣ ਸਕਦੇ ਹਾਂ ਪਰ ਮੁਕਤੀ ਕੇਵਲ ਪ੍ਰਮਾਤਮਾ ਦੀ ਕਿਰਪਾ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ ।

ਅਗਲੀਆਂ ਚਾਰ ਪੌੜੀਆਂ ਵਿਚ ਵਾਹਿਗੁਰੂ ਦਾ ਨਾਮ ਸੁਣਨ ਦਾ ਜਸ ਗਾਇਆ ਗਿਆ ਹੈ । ਵਾਹਿਗੁਰੂ ਦਾ ਨਾਮ ਸੁਣਨ ਨਾਲ ਮਨੁਖ ਡਰ ਉਪਰ ਵਿਜੈ ਪਾ ਲੈਂਦਾ ਹੈ ਅਤੇ ਉਸਦੇ ਦੁਖਾਂ ਪਾਪਾਂ ਦਾ ਨਾਸ ਹੁੰਦਾ ਹੈ । ਨਾਮ ਸੁਣਨ ਨਾਲ ਮਨੁੱਖ ਸੱਚ ਜਾਣਦਾ ਹੈ, ਉਸਦਾ ਮਨ ਭਗਤੀ ਵੱਲ ਲਗਦਾ ਹੈ ਅਤੇ ਉਸਨੂੰ ਤੀਰਥਾਂ ਦਾ ਭਰਮਣ ਕਰਨ ਦੀ ਲੋੜ ਨਹੀਂ ਰਹਿੰਦੀ ।

ਅਗਲੀਆਂ ਚਾਰ ਪੌੜੀਆਂ ਉਨ੍ਹਾਂ ਲੋਕਾਂ ਉਪਰ ਲਿਖੀਆਂ ਗਈਆਂ ਹਨ

ਜਿਹੜੇ ਪ੍ਰਮਾਤਮਾ ਦਾ ਨਾਮ ਸੁਣਕੇ ਪ੍ਰਮਾਤਮਾ ਵਿਚ ਵਿਸ਼ਵਾਸ. ਰਖਣ ਵਾਲੇ ਨੂੰ ਜੋ ਆਨੰਦ ਆਉਂਦਾ ਹੈ, ਉਸਨੂੰ ਬਿਆਨਿਆ ਨਹੀਂ ਜਾ ਸਕਦਾ। ਪ੍ਰਮਾਤਮਾਂ ਵਿੱਚ ਵਿਸ਼ਵਾਸ਼ ਰਖਣ ਵਾਲੇ ਨੂੰ ਸਾਰੇ ਬ੍ਰਹਮੰਡਾਂ ਦਾ ਗਿਆਨ ਹਾਸਲ ਹੋ ਜਾਂਦਾ ਹੈ। ਉਹ ਰਬ ਦੇ ਰੰਗਾਂ ਨੂੰ ਸਮਝਦਾ ਹੈ, ਮੁਕਤੀ ਪ੍ਰਾਪਤ ਕਰਦਾ ਹੈ ਅਤੇ ਆਪਣੇ ਸੰਬੰਧੀਆਂ ਨੂੰ ਵੀ ਤਾਰ ਲੈਂਦਾ ਹੈ।

ਅਗਲੀਆਂ ਚਾਰ ਪੌੜੀਆਂ ਵਿਚ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਰੱਬ ਨੂੰ ਮੰਨਣ ਵਾਲੇ, ਲੋਕਾਂ ਦੇ ਆਗੂ ਬਣ ਜਾਂਦੇ ਹਨ ਅਤੇ ਉਨ੍ਹਾਂ ਦਾ ਪ੍ਰਮਾਤਮਾ ਦੀ ਦਰਗਾਹ ਵਿਚ ਮਾਣ ਹੁੰਦਾ ਹੈ। ਪਰ ਉਸ ਪ੍ਰਭੂ ਦੇ ਰਹਸ ਨੂੰ ਸਮਝਣਾ ਅਤਿ ਕਠਿਨ ਹੈ। ਜਿਉਂ ਜਿਉਂ ਕੋਈ ਇਸ ਰਹਸ ਨੂੰ ਜਾਨਣ ਦੀ ਕੋਸ਼ਸ਼ ਕਰਦਾ ਹੈ, ਤਿਉਂ ਤਿਉਂ ਇਹ ਰਹਸ ਹੋਰ ਵੀ ਗੁੰਝਲਦਾਰ ਬਣਦਾ ਜਾਂਦਾ ਹੈ। ਅਸੰਖਾ ਅਜੇਹੇ ਪ੍ਰਾਣੀ ਹਨ ਜਿਹੜੇ ਉਸਦੀ ਪੂਜਾ ਅਤੇ ਅਰਾਧਨਾ ਕਰਦੇ ਹਨ। ਇਸੇ ਤਰ੍ਹਾਂ ਅਸੰਖਾਂ ਮੂਰਖ, ਚੋਰ ਅਤੇ ਹਰਾਮਖੋਰ ਹਨ ਮਨੁੱਖ ਵਿਚ ਪ੍ਰਭੂ ਦੀ ਉਸਤਤੀ ਕਰਨ ਦੀ ਆਪਣੀ ਸਮੱਰਥਾ ਨਹੀਂ। ਇਹ ਉਸਦੀ ਰਜ਼ਾ ਹੀ ਹੈ ਜੋ ਸਭਨੀਂ ਥਾਈਂ ਪਸਰ ਰਹੀ ਹੈ।

ਅਗਲੀਆਂ ਅੱਠ ਪੌੜੀਆਂ ਵਿੱਚ ਕੁਝ ਹੋਰ ਮਹਤਵਪੂਰਨ ਵਿਚਾਰ ਪ੍ਰਗਟ ਕੀਤੇ ਗਏ ਹਨ :

ਮੂਤ ਪਲੀਤੀ ਕਪੜੁ ਹੋਇ ਦੇ ਸਾਬੂਣੁ ਲਈਐ ਓਹੁ ਧੋਇ।
ਭਰੀਐ ਮਤਿ ਪਾਪਾਂ ਕੇ ਸੰਗਿ। ਓਹੁ ਧੋਪੈ ਨਾਵੈ ਕੇ ਰੰਗਿ।
ਪੁੰਨੀ ਪਾਪੀ ਆਖਣੁ ਨਾਹਿ ਕਰਿ ਕਰਿ ਕਰਣਾ ਲਿਖਿ ਲੈ ਜਾਹੁ।
ਆਪੇ ਬੀਜਿ ਆਪੇ ਹੀ ਖਾਹੁ, ਨਾਨਕ ਹੁਕਮਿ ਆਵਹੁ ਜਾਹੁ।
ਤੀਰਥੁ ਤਪੁ ਦਇਆ ਦਤੁ ਦਾਨੁ, ਜੇਕੋ ਪਾਵੈ ਤਿਲ ਕਾ ਮਾਨੁ।
ਸੁਣਿਆ ਮੰਨਿਆ ਮਨਿ ਕੀਤਾ ਭਾਉ, ਅੰਤਰਗਤਿ ਤੀਰਥਿ ਮਲਿ ਨਾਉ।

ਸੰਸਾਰ ਦੀ ਰਚਨਾ ਬਾਰੇ ਗੁਰੂ ਮਹਾਰਾਜ ਇੰਝ ਫੁਰਮਾਉਂਦੇ ਹਨ :

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ।
ਕਵਿਣੁ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣ।

ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ।
ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ ।
ਜਾ ਕਰਤਾ ਸਿਰਿਠੀ ਕਉ ਸਾਜੇ ਆਪੇ ਜਾਣੈ ਸੋਈ ।

... ...

ਏਵਡੁ ਊਚਾ ਹੋਵੈ ਕੋਇ ਤਿਸੁ ਊਚੇ ਕਉ ਜਾਣੈ ਸੋਇ ।
ਜੇਵਡੁ ਆਪਿ ਜਾਣੈ ਆਪਿ ਆਪਿ, ਨਾਨਕ ਨਦਰੀ ਕਰਮੀ ਦਾਤਿ ।

... ...

ਜਿਸਨੋ ਬਖਸੇ ਸਿਫ਼ਤਿ ਸਾਲਾਹ, ਨਾਨਕ ਪਾਤਿਸਾਹੀ ਪਾਤਿਸਾਹੁ ।

... ...

ਅਮੁਲੋ ਅਮੁਲੁ ਆਖਿਆ ਨਾ ਜਾਇ, ਆਖਿ ਆਖਿ ਰਹੇ ਲਿਵ ਲਾਇ ।

ਅਗਲੀਆਂ ਚਾਰ ਪੌੜੀਆਂ ਵਿੱਚ ਪ੍ਰਭੂ ਨੂੰ ਨਮਸਕਾਰ ਕੀਤਾ ਗਿਆ ਹੈ ਜਿਸਦਾ ਨਾ ਕੋਈ ਆਦਿ ਹੈ ਨਾ ਅੰਤ ਹੈ। ਉਸਦਾ ਕੇਵਲ ਇਕੋ ਰੂਪ ਹੈ ਜੋ ਹਮੇਸ਼ਾਂ ਉਹੀ ਰਹਿੰਦਾ ਹੈ ।

ਅਗਲੀਆਂ ਤਿੰਨ ਪੌੜੀਆਂ ਵਿੱਚ ਕਿਹਾ ਗਿਆ ਹੈ ਕਿ ਪ੍ਰਭੂ ਦੀ ਨਦਰਿ ਹੋਣ ਨਾਲ ਹੀ ਉਸ ਨੂੰ ਪਾਇਆ ਜਾ ਸਕਦਾ ਹੈ। ਉਹ ਸਰਬਸ਼ਕਤੀਮਾਨ ਹੈ। ਪ੍ਰਮਾਤਮਾ ਸੱਚਾ ਹੈ ਅਤੇ ਉਹ ਸੱਤਯ ਫੈਲਾਉਂਦਾ ਹੈ ।

ਅਖੀਰਲੀਆਂ ਚਾਰ ਪੌੜੀਆਂ

ਜਦੋਂ ਮਨੁੱਖ ਪ੍ਰਮਾਤਮਾ ਨਾਲ ਇਕਸੁਰ ਹੁੰਦਾ ਹੈ, ਉਸ ਅਵਸਥਾ ਤੋਂ ਪਹਿਲਾਂ ਦੋ ਵੱਖ ਵੱਖ ਪੜਾਵਾਂ ਦਾ ਵਰਣਨ ਅਖੀਰਲੀਆਂ ਚਾਰ ਪੌੜੀਆਂ ਵਿਚ ਕੀਤਾ ਗਿਆ ਹੈ। ਪਹਿਲਾ ਪੜਾ ਨਿਆਂਪੂਰਵਕ ਜਿਊਣ ਅਤੇ ਸਹੀ ਵਰਤਾਓ ਦਾ ਹੈ । ਫਿਰ ਮਨੁਖ ਗਿਆਨ ਖੰਡ ਵਿਚ ਪ੍ਰਵੇਸ਼ ਕਰਦਾ ਹੈ ਜਿਥੇ ਤਰਕ ਪ੍ਰਧਾਨ ਹੁੰਦਾ ਹੈ। ਇਸ ਪਿਛੋਂ ਕਰਮ ਖੰਡ ਆਉਂਦਾ ਹੈ ਜਿਥੇ ਕੇਵਲ ਜਤਨ ਹੀ ਕੀਤਾ ਜਾਂਦਾ ਹੈ । ਸਭ ਤੋਂ ਉਚਾ ਸੱਚ ਖੰਡ ਹੈ ਜੋ ਪ੍ਰਭੂ ਦੀ ਨਦਰਿ ਅਤੇ ਉਸਦੇ ਨਿਹਾਲ ਹੋਣ ਉਤੇ ਹੀ ਪ੍ਰਾਪਤ ਹੁੰਦਾ ਹੈ । ਜਿਹੜੇ ਪੁਰਖ ਪ੍ਰਭੂ ਦਾ ਜਾਪ ਕਰਦੇ ਹਨ, ਏਥੇ ਆਕੇ ਨਾ ਕੇਵਲ ਉਨ੍ਹਾਂ ਦੀ ਆਪਣੀ ਘਾਲਣਾ ਸੰਪੂਰਨ ਹੋ ਨਿਬੜਦੀ ਹੈ ਸਗੋਂ ਉਹ ਹੋਰਨਾਂ ਦਾ ਵੀ ਕਲਿਆਣ ਕਰ ਜਾਂਦੇ ਹਨ :—

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ।
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੇ ਸਗਲ ਜਗਤੁ ।
ਚੰਗਿਆਈਆਂ ਬੁਰਿਆਈਆਂ ਵਾਚੈ ਧਰਮੁ ਹਦੂਰਿ ।
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ।
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ।

ਇਸ ਰਚਨਾ ਦਾ ਸਿਰਲੇਖ 'ਜਪੁ' ਬੜਾ ਢੁਕਵਾਂ ਹੈ ਕਿਉਂਕਿ ਇਸ ਵਿਚ ਪ੍ਰਭੂ ਦੇ ਨਾਮ ਦਾ ਬਾਰ ਬਾਰ ਜਾਪ ਕਰਨ ਉਤੇ ਜ਼ੋਰ ਪਾਇਆ ਗਿਆ ਹੈ । ਉਸਦਾ ਨਾਮ ਹੀ ਮਨੁੱਖ ਅਤੇ ਪ੍ਰਭੂ ਵਿਚਕਾਰ ਮਾਇਆ ਤਥਾ ਕੂੜ ਦੁਆਰਾ ਪਏ ਅੰਤਰ ਨੂੰ ਮੇਲਣ ਦੀ ਇਕੋ ਇਕ ਦਵਾ ਹੈ । ਉਸਦਾ ਸਿਮਰਨ ਕਰਨ ਨਾਲ ਹੀ ਅਸੀਂ ਪ੍ਰਭੂ ਦੇ ਪ੍ਰੇਮੀ ਬਣ ਸਕਦੇ ਹਾਂ । ਉਸਦੇ ਪ੍ਰੇਮ ਦੁਆਰਾ ਧਰਮ ਆਨੰਦ ਪ੍ਰਾਪਤ ਹੁੰਦਾ ਹੈ ।

———

ਜਪੁਜੀ ਸਾਹਿਬ ਦਾ ਮੂਲ ਉਪਦੇਸ਼

—ਪ੍ਰੋ: ਦੀਵਾਨ ਸਿੰਘ ਜੀ ਐਮ.ਏ.
ਖਾਲਸਾ ਕਾਲਜ ਅੰਮ੍ਰਿਤਸਰ

ਜਪੁਜੀ ਦਾ ਮਹੱਤਵ

ਇਸ ਵਿਚ ਸੰਦੇਹ ਨਹੀਂ ਹੋ ਸਕਦਾ ਕਿ ਜਪੁਜੀ ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਮਹਾਨ ਰਚਨਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵਧ ਮਹੱਤਤਾ ਇਸ ਰਚਨਾ ਨੂੰ ਪ੍ਰਾਪਤ ਹੈ, ਸਭ ਤੋਂ ਅਧਿਕ ਪ੍ਰਥਮਤਾ ਇਸ ਬਾਣੀ ਨੂੰ ਦਿਤੀ ਜਾਂਦੀ ਹੈ। ਸਾਰੇ ਵਿਦਵਾਨ ਇਸ ਗੱਲ ਨੂੰ ਸਵੀਕਾਰ ਕਰਦੇ ਹਨ। ਜਪੁਜੀ ਦੇ ਸ਼ੁਰੂ ਵਿਚ ਜੋ ਮੂਲ ਮੰਤ੍ਰ ਹੈ, ਪਰਮਾਤਮਾ ਦਾ ਸਰੂਪ ਦਰਸਾਣ ਵਿਚ ਇਹ ਅਤੀ ਵਿਸ਼ੇਸ਼ ਤੇ ਸਾਰਥਕ ਹੈ। ਇਸੇ ਮੂਲ-ਮੰਤ੍ਰ ਦੀ ਵਿਆਖਿਆ ਤੇ ਵਿਸਥਾਰ ਜਪੁਜੀ ਵਿਚ ਤੇ ਸਾਰੇ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ।

ਜਪੁਜੀ ਦੀ ਮਹੱਤਤਾ ਇਸ ਤਰ੍ਹਾਂ ਵੀ ਨਿਸਚਤ ਹੋ ਜਾਂਦੀ ਹੈ ਕਿ ਇਸ ਨੂੰ ਨਿਤਨੇਮ ਦੀ ਮੁੱਖ ਤੇ ਪ੍ਰਥਮ ਬਾਣੀ ਅਤੇ ਆਤਮਿਕ ਕਲਿਆਣ ਦਾ ਸਭ ਤੋਂ ਵਡਾ ਸਾਧਨ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਲੈ ਕੇ ਸਾਰੇ ਸਿਖ ਇਤਿਹਾਸ ਦੀ ਵਿਕਾਸ਼-ਗਤੀ ਵਿਚ, ਸਮਝਿਆ ਜਾਂਦਾ ਰਿਹਾ ਹੈ।

ਜਪੁਜੀ ਦੀ ਅਦੁੱਤੀ ਮਹੱਤਤਾ ਦਾ ਮੂਲ ਇਹ ਵੀ ਹੈ ਕਿ ਗੁਰਮਤ ਦਾ ਉਪਦੇਸ਼ ਇਸ ਰਚਨਾ ਵਿਚ ਨਾ ਕੇਵਲ ਸੰਪੂਰਨ ਰੂਪ ਵਿਚ ਅਤੇ ਸਰਬ-ਪੱਖੀ ਆਸ਼ੇ ਤੋਂ

ਅੰਕਿਤ ਕੀਤਾ ਗਿਆ ਹੈ, ਸਗੋਂ ਘੱਟ ਤੋਂ ਘੱਟ ਆਕਾਰ ਵਿਚ ਅਤੇ ਸੂਤ੍ਰਿਕ ਢੰਗ ਨਾਲ ਡੂੰਘੀ ਤੋਂ ਡੂੰਘੀ ਅਧਿਆਤਮਿਕ ਵਿਚਾਰਧਾਰਾ ਤੇ ਰਹੱਸਵਾਦੀ ਅਨੁਭਵ ਪਰਗਟ ਕਰ ਦਿਤਾ ਗਿਆ ਹੈ। ਨਿਰਸੰਦੇਹ ਆਦਿ ਗ੍ਰੰਥ ਦਾ ਮੂਲ ਵਿਚਾਰ-ਤੱਥ ਇਸ ਸੰਖੇਪ ਰਚਨਾ ਵਿਚ ਬੜੇ ਕਲਾਤਮਕ ਢੰਗ ਨਾਲ ਮੂਰਤੀਮਾਨ ਕੀਤਾ ਗਿਆ ਹੈ।

ਜਿਥੇ ਜਪੁਜੀ ਸਾਹਿਬ ਵਿਚ ਇਕ ਸਮੁਚੀ ਵਿਚਾਰ-ਪ੍ਰਣਾਲੀ ਅਤੇ ਸੰਜੁਗਤ-ਆਸ਼ਾ ਪ੍ਰਤੀਪਾਦਿਤ ਕੀਤਾ ਗਿਆ ਹੈ ਉਥੇ ਹਰ ਪਉੜੀ ਆਪਣੇ ਆਪ ਵਿਚ ਇਕ ਸੁਤੰਤਰ ਵਿਚਾਰ ਤੇ ਰੂਪ ਵੀ ਰਖਦੀ ਹੈ। ਹਰ ਪਉੜੀ ਜਪੁਜੀ ਦੀ ਕਲਾਤਮਕ ਵਿਉਂਤ ਦਾ ਲੜੀ-ਰੂਪ ਭਾਗ ਵੀ ਹੈ ਅਤੇ ਕਿਸੇ ਗੁਰਮਤ ਦੇ ਸਿਧਾਂਤ ਦਾ ਇਕ ਸੰਪੂਰਨ ਪ੍ਰਗਟਾਅ ਵੀ ਹੈ। ਪਉੜੀ ਦੀ ਸੁਤੰਤਰਤਾ ਇਸ ਆਸ਼ੇ ਤੋਂ ਵੀ ਸਾਰਥਕ ਹੈ ਕਿ ਜਦ ਬਹੁਤ ਸਾਰੇ ਜ਼ਰੂਰੀ ਵਿਸ਼ਿਆਂ ਨੂੰ ਇਕ ਸੰਖੇਪ ਰਚਨਾ ਵਿਚ ਇਕੱਠਿਆਂ ਕੀਤਾ ਜਾਏ ਤਾਂ ਹਰ ਵਿਸ਼ੇ ਨੂੰ ਸੰਪੂਰਨ ਰੂਪ ਵੀ ਦੇਣਾ ਪੈਂਦਾ ਹੈ ਤਾਂ ਜੋ ਵਿਚਾਰ ਸਪੱਸ਼ਟ ਹੋ ਜਾਏ ਅਤੇ ਕੋਈ ਅੰਤਮ ਰੂਪ ਧਾਰਨ ਕਰ ਲਏ। ਇਹੀ ਕਾਰਨ ਹੈ ਕਿ ਜਪੁਜੀ ਦੀ ਵਿਆਖਿਆ ਵਜੋਂ ਅਨਗਿਣਤ ਟੀਕੇ ਲਿਖੇ ਗਏ ਹਨ ਅਤੇ ਲਿਖੇ ਜਾਣਗੇ।

ਮੂਲ ਵਿਸ਼ਾ ਤੇ ਉਦੇਸ਼

ਜਪੁਜੀ ਦਾ ਵਿਸ਼ਾ ਮੁਢਲੇ ਤੌਰ ਤੇ ਰਹੱਸਵਾਦੀ ਹੈ। ਇਹ ਇਕ ਅਗੰਮੀ ਰਹੱਸਵਾਦੀ ਅਨੁਭਵ ਦਾ ਲਖਾਇਕ ਹੈ। ਇਸ ਨੂੰ ਦਰਸ਼ਨ ਦੇ ਪੱਧਰ ਤੇ ਨਿਸਚੜ੍ਹ ਕਰਨਾ ਉਚਿਤ ਨਹੀਂ। ਇਸ ਵਿਚ ਕੋਈ ਗੱਲ ਚਰਚਾ-ਜਨਕ ਜਾਂ ਵਾਦ-ਉਪਜਾਊ ਨਹੀਂ। ਸ਼ਾਸਤਰਾਰਥਕ, ਰਹੱਸਵਾਦੀ ਗੁਰੂ ਸਾਹਿਬ ਦਾ ਆਸ਼ਾ ਨਹੀਂ ਸੀ। ਕੋਈ ਰਹੱਸਵਾਦੀ, ਸ਼ਾਸਤਰਾਰਥ ਜਾਂ ਵਾਦ-ਵਿਵਾਦ ਦੇ ਹੱਕ ਵਿਚ ਨਹੀਂ ਹੁੰਦਾ। ਇਸ ਲਈ ਜਪੁਜੀ ਵਿਚ ਵੀ ਕੋਈ ਕਿਸੇ ਪ੍ਰਕਾਰ ਦਾ ਅਧਿਆਤਮਕ ਨਿਖੇਧੀ ਕਰਨ ਦਾ ਆਸ਼ਾ ਨਹੀਂ ਹੈ।

ਗੁਰੂ ਸਾਹਿਬ ਨੇ ਹੋਰ ਧਰਮਾਂ ਦੇ ਕਿਸੇ ਵਿਚਾਰ ਜਾਂ ਸਿਧਾਂਤ ਨੂੰ, ਆਪਣੇ ਮੌਲਿਕ ਗੁਰਮਤ-ਅਨੁਭਵ ਦੇ ਨਿਰਨਾ-ਜਨਕ ਪ੍ਰਗਟਾਅ ਲਈ, ਪ੍ਰਸੰਗ ਵਜੋਂ ਅੰਕਿਤ ਕਰ ਦਿਤਾ ਹੈ। ਕਿਸੇ ਥਾਂ ਵੀ ਹੋਰ ਧਰਮਾਂ ਦੇ ਵਿਚਾਰਾਂ ਦਾ ਖੰਡਨ ਕਰਨ ਲਈ ਖੰਡਨ ਨਹੀਂ ਕੀਤਾ। ਗੁਰੂ ਸਾਹਿਬ ਦਾ ਆਸ਼ਾ ਪਰਮ-ਸਚਾਈ ਨੂੰ ਬਿਆਨ ਕਰਨ ਦਾ ਹੀ ਸੀ, ਜਿਸ ਵਿਚ ਮਨੁੱਖ-ਮਾਤ੍ਰ ਨੂੰ ਅਗਵਾਈ ਮਿਲ ਸਕੇ।

ਸਵਾਮੀ ਦਇਆ ਨੰਦ ਨੇ ਜਿਵੇਂ 'ਸਤਿਆਰਥ ਪ੍ਰਕਾਸ਼' ਵਿਚ ਹੋਰ ਧਰਮਾਂ ਦੀ ਕਰੜੀ ਆਲੋਚਨਾ ਕੀਤੀ ਹੈ ਅਤੇ ਗੁਰੂ ਨਾਨਕ ਸਾਹਿਬ ਬਾਰੇ ਵੀ ਤਰਕ ਉਠਾਈ ਹੈ ਕਿ ਜਪੁਜੀ ਦੇ ਸ਼ੁਰੂ ਵਿਚ ਦਿਤੇ ਮੂਲ-ਮੰਤ੍ਰ ਵਿਚ ਆਇਆ ਸ਼ਬਦ 'ਨਿਰਭਉ' ਇਸ ਗੱਲ ਦਾ ਸੂਚਕ ਹੈ ਕਿ ਗੁਰੂ ਸਾਹਿਬ ਸੰਸਕ੍ਰਿਤ ਦੇ ਵਿਦਵਾਨ ਨਹੀਂ ਸਨ, ਨਹੀਂ ਤਾਂ ਉਹ ਤਤਸਮ ਸ਼ਬਦ 'ਨਿਰਭੈ' ਵਰਤਦੇ। ਅਜਿਹੀ ਤਰਕ ਗੁਰੂ ਨਾਨਕ ਸਾਹਿਬ ਦੇ ਆਪਣੇ ਆਸ਼ੇ ਅਤੇ ਰੁਚੀ ਦੇ ਵਿਰੁਧ ਹੈ। ਅਜਿਹੀ ਤਰਕ ਤੇ ਖੰਡਨ ਦੀ ਰੁਚੀ "ਆਈ ਪੰਥੀ ਸਗਲ ਜਮਾਤੀ" ਦਾ ਵਿਚਾਰ ਰਖਣ ਵਾਲੇ ਅਤੇ ਹਿੰਦੂ-ਮੱਤ ਤੇ ਇਸਲਾਮ ਦੇ ਵਿਤਕਰਿਆਂ ਨੂੰ ਦੂਰ ਕਰਨ ਵਾਲੇ ਗੁਰੂ ਸਾਹਿਬ ਵਿਚ ਉੱਕਾ ਹੀ ਨਹੀਂ ਸੀ। ਉਹ ਅਮਨ ਤੇ ਸ਼ਾਂਤੀ, ਰਵਾਦਾਰੀ ਤੇ ਸਹਿਨਸ਼ੀਲਤਾ ਦੇ ਅਵਤਾਰ ਸਨ। ਉਂਜ ਵੀ ਸਵਾਮੀ ਜੀ ਦੀ ਤਰਕ ਸਾਰਥਕ ਨਹੀਂ ਕਿਉਂਕਿ ਹੋਰ ਭਗਤਾਂ ਵਾਂਗ, ਗੁਰੂ ਜੀ ਵੀ ਜਾਣ ਬੁਝ ਕੇ ਤਤਸਮ ਦੀ ਥਾਂ ਤਦਭਵ ਸ਼ਬਦਾਵਲੀ ਪ੍ਰਾਕ੍ਰਿਤਾਂ ਤੇ ਅਪਭ੍ਰੰਸ਼ਾਂ ਵਿਚੋਂ ਲੈ ਕੇ ਵਰਤ ਰਹੇ ਹਨ ਅਤੇ ਇਸ ਗੱਲ ਵਿਚ ਸਦਾ ਲੋਕ-ਬੋਲੀ ਦੇ ਆਸ਼ੇ ਨੂੰ ਮੁਖ ਰਖਦੇ ਸਨ।

ਜਪੁਜੀ ਦਾ ਵਿਸ਼ਾ ਅਨੁਭਵ-ਰੂਪ ਹੈ, ਸਹਿਜ ਗਿਆਨ (Instuition) ਦਾ ਇਕ ਅਦੁਤੀ ਨਮੂਨਾ ਹੈ। ਇਸ ਸਹਿਜ-ਅਨੁਭਵ ਨੂੰ ਸਾਰਥਕ ਵਿਚਾਰਾਂ ਦੇ ਰੂਪ ਵਿਚ ਪਰਗਟ ਕੀਤਾ ਗਿਆ ਹੈ। ਰਹੱਸਵਾਦੀ ਅਨੁਭਵ ਸੰਸਾਰ ਦਾ ਸਭ ਤੋਂ ਉੱਚਾ ਅਨੁਭਵ ਮੰਨਿਆ ਜਾਂਦਾ ਹੈ, ਕਿਉਂਕਿ ਇਸ ਦਾ ਸਬੰਧ ਆਵੇਸ਼ ਰੂਪ ਵਿਚ ਪਰਮ-ਤੱਤ ਜਾਂ ਮੂਲ-ਤੱਤ ਨਾਲ ਹੁੰਦਾ ਹੈ, ਜਿਸ ਨੂੰ ਧਾਰਮਿਕ ਸ਼ਬਦਾਂ ਵਿਚ ਪਰਮ-ਸੱਤ (ਪਰਮ ਸੱਚ, ਜਾਂ ਪਰਮ-ਸਚਾਈ) ,ਕਿਹਾ ਜਾਂਦਾ ਹੈ ਅਤੇ ਇਸ ਤੋਂ ਭਾਵ ਸੰਸਾਰ ਰਚਣਹਾਰ ਤੇ ਕਰਨ-ਕਾਰਨ ਪਰਮਾਤਮਾਂ (ਪ੍ਰਭੂ ਬ੍ਰਹਮ' ਹਰਿ, ਰਾਮ, ਰੱਬ ਆਦਿ ਜਿਸ ਦੇ ਹੋਰ ਅਨੇਕ ਨਾਮ ਹਨ) ਲਿਆ ਜਾਂਦਾ ਹੈ। ਇਸੇ ਅਗੰਮ, ਅਗੋਚਰ ਤੇ ਅਕੱਥ ਮੂਲ ਤੱਤ ਨੂੰ ਮਨੁੱਖੀ ਅਤੇ ਲੌਕਿਕ ਪੱਧਰ ਤੇ ਲਿਆ ਕੇ ਵਿਚਾਰ-ਗੋਚਰ ਤੇ ਸਮਝ-ਗੋਚਰ ਕੀਤਾ ਹੈ।

ਸਪਸ਼ਟ ਹੈ ਕਿ ਜਿਥੇ ਗੁਰੂ ਨਾਨਕ ਸਾਹਿਬ ਇਕ ਮਹਾਨ ਅਨੁਭਵੀ ਵਿਅਕਤੀ ਸਨ ਉਥੇ ਇਕ ਮਹਾਨ ਚਿੰਤਕ ਵੀ ਸਨ। ਉਹਨਾਂ ਦੀ ਸ਼ਖਸੀਅਤ ਵਿਚ ਅਨੁਭਵ ਤੇ ਵਿਚਾਰ ਦੋਹਾਂ ਦਾ ਅਜਿਹਾ ਉੱਚਤਮ ਸੰਤੁਲਨ ਮਿਲਦਾ ਹੈ ਜੋ ਸੰਸਾਰ ਦੇ ਇਤਿਹਾਸ

ਪਰਗਟ ਕੀਤਾ ਹੈ ਪਰ ਇਹ ਨਿਰੋਲ ਕਲਪਣਾ ਹੈ। ਅਜਿਹਾ ਯਤਨ ਕਈ ਮਹਾਨ ਕਵੀਆਂ ਜਿਵੇਂ ਡਾਂਟੇ ਨੇ ਡੀਵਾਈਨ ਕਾਮੇਡੀ ਵਿਚ, ਮਿਲਟਨ ਨੇ ਪੈਰਾਡਾਈਜ਼ ਲਾਸਟ ਵਿਚ, ਗੋਇਟੇ ਨੇ ਫੌਸਟ ਵਿਚ, ਇਕਬਾਲ ਨੇ ਆਪਣੀ ਫ਼ਾਰਸੀ ਕਵਿਤਾ ਵਿਚ ਕੀਤੇ ਹਨ, ਪਰ ਇਹ ਨਿਰੋਲ ਕਲਪਣਾ ਦਾ ਚਮਤਕਾਰ ਹਨ। ਇਹਨਾਂ ਨੂੰ ਗੁਰੂ ਨਾਨਕ ਸਾਹਿਬ ਦੇ ਰਹੱਸਵਾਦੀ ਅਨੁਭਵ ਵਿਚੋਂ ਨਿਕਲੇ ਹੋਏ ਵਾਸਤਵਿਕ ਉਲੇਖ ਤੇ ਵਰਣਨ ਨਾਲ ਤੁਲਨਾ ਨਹੀਂ ਦਿਤੀ ਜਾ ਸਕਦੀ। ਗੁਰੂ ਸਾਹਿਬ ਨੇ ਜੋ ਦੇਖਿਆ ਹੈ ਉਹ ਲਿਖਿਆ ਹੈ। ਜੋ ਨਹੀਂ ਦਸਿਆ ਜਾ ਸਕਦਾ ਉਹ ਨਹੀਂ ਦਸਿਆ ਤੇ ਸੰਕੇਤ-ਮਾਤਰ ਕਹਿ ਦਿਤਾ ਹੈ।

ਖੰਡਾਂ ਬਾਰੇ ਪਹਿਲੀ ਜ਼ਰੂਰੀ ਗੱਲ ਤਾਂ ਇਹ ਹੈ ਕਿ ਇਹ ਇਕ ਵਿਕਾਸ਼-ਮਈ ਕ੍ਰਮ ਦੇ ਲਖਾਇਕ ਹਨ। ਦੂਜੇ ਸ਼ਬਦਾਂ ਵਿਚ ਇਹ ਖੰਡ ਇਕ ਦੂਜੇ ਸਮਾਨ ਜਾਂ ਇਕ-ਸਾਰ ਤੇ ਸਥਾਪਤ ਕੀਤੇ ਹੋਏ (Horizontal) ਅਤੇ ਇਕ ਦੂਜੇ ਤੋਂ ਸੁਤੰਤਰ ਆਤਮਕ ਅਵਸਥਾਵਾਂ ਨਹੀਂ, ਸਗੋਂ ਇਕ ਤੋਂ ਦੂਜੇ ਵਿਚ ਪਰਵੇਸ਼ਤ ਹੋਣ ਵਾਲੇ ਹਨ ਅਤੇ ਇਕ ਦੂਜੇ ਦੇ ਪੂਰਕ ਹਨ।

ਇਸ ਤਰ੍ਹਾਂ ਇਹਨਾਂ ਨੂੰ ਅਸੀਂ ਸੰਸਾਰ ਦੇ ਸਭ ਤੋਂ ਮਹਾਨ ਰਹੱਸਵਾਦੀ ਅਨੁਭਵ ਤੇ ਨਿਰਮਾਣ ਦੀਆਂ ਹੇਠੋਂ ਉਤਾਂਹ ਨੂੰ ਜਾਣ ਵਾਲੀਆਂ (Vertical) ਕੜੀਆਂ ਕਹਿ ਸਕਦੇ ਹਾਂ। ਪਰ ਇਹ ਕਹਿਣਾ ਵੀ ਇਕ ਭੁਲੇਖਾ ਹੈ। ਆਤਮਕ ਮੰਡਲਾਂ ਵਿਚ ਕੋਈ ਹੇਠਾਂ ਉਤਾਂਹ ਦੀ ਸਥਿਤੀ ਤੇ ਵਾਤਾਵਰਨ ਨਹੀਂ। ਉਥੇ ਨਵੇਂ ਤੋਂ ਨਵੇਂ ਆਤਮਕ ਮੰਡਲਾਂ ਦੀ ਅਨੰਤਤਾ ਦਾ ਪ੍ਰਭਾਵ ਪਾਉਣ ਵਾਲੇ ਚਮਤਕਾਰੀ ਪਰੀਵਰਤਨ ਵਾਪਰ ਜਾਂਦੇ ਹਨ। ਉਥੇ ਸ਼ਾਇਦ ਹੋਂਦ ਫੁਟਨੇ ਦੀ ਹੈ, ਛਿੰਨ-ਮਾਤਰ ਹੈ ਤੇ ਅਨੰਤ ਰੰਗਾਂ ਤੇ ਜਲਵਿਆਂ ਦੇ ਚਮਤਕਾਰੀ ਦ੍ਰਿਸ਼ਾਂ ਦੀ ਹੈ, ਜੋ ਹਰ ਛਿੰਨ ਵਿਚ ਜੁੜਦੇ ਤੇ ਨਿਖੜਦੇ ਰਹਿੰਦੇ ਹਨ। ਇਸ ਲਈ ਵਿਕਾਸ਼-ਕ੍ਰਮ ਵਾਲੀ ਗੱਲ ਮਨੁੱਖੀ ਤੇ ਬੌਧਿਕ ਪੱਧਰ ਦੀ ਹੈ, ਸ਼ਾਇਦ ਵਾਸਤਵਿਕ ਨਹੀਂ। ਰਹੱਸਵਾਦੀ ਮੰਡਲਾਂ ਤੇ ਰਹੱਸਵਾਦੀ ਅਨੁਭਵਾਂ ਦੀਆਂ ਕੀਮਤਾਂ (Values) ਪਰਾਭੌਤਿਕ (Transcendental) ਹੁੰਦੀਆਂ ਹਨ, ਜਿਨ੍ਹਾਂ ਦਾ ਠੀਕ ਅਨੁਮਾਨ ਨਹੀਂ ਲਾਇਆ ਜਾ ਸਕਦਾ।

ਗੁਰੂ ਸਾਹਿਬ ਨੇ ਜੋ ਖੰਡ ਦਰਸਾਏ ਹਨ (ਧਰਮ, ਗਿਆਨ, ਸਰਮ, ਕਰਮ ਤੇ ਸੱਚ), ਇਹਨਾਂ ਦੇ ਵਿਕਾਸ਼-ਮਈ ਹੋਣ ਦਾ ਇਕ ਪਰਮਾਣ ਦਿੱਤਾ ਜਾ ਸਕਦਾ ਹੈ।

ਉਹ ਇਹ ਹੈ ਕਿ ਇਹ ਖੰਡ, ਪਰਸਪਰ ਤੁਲਨਾ-ਪਧਰ ਤੇ ਘੱਟ ਸੂਖਮਤਾ ਤੋਂ ਅਧਿਕਤਰ ਸੂਖਮਤਾ ਵਲ ਵਧਦੇ ਪਰਤੀਤ ਹੁੰਦੇ ਹਨ। ਪਰਮਾਤਮਾ ਅਤੀ ਸੂਖਮ ਹੈ। ਉਸ ਦੀ ਸਾਰੀ ਰਚਨਾ ਵੀ ਮੁਢਲੇ ਤੌਰ ਤੇ ਸੂਖਮ ਹੈ। ਕੇਵਲ ਤੁਲਨਾ-ਭੇਦ ਹੋ ਸਕਦਾ ਹੈ, ਪਰ ਉਹ ਵੀ ਸਥੂਲ ਤੇ ਸੂਖਮ ਦੇ ਸਦਾ ਇਕ ਦੂਜੇ ਨਾਲ ਸੰਮਿਲਤ ਹੋਣ ਦੇ ਰੂਪ ਵਿਚ ਵਿਦਮਾਨ ਹੈ। ਇਸੇ ਨੂੰ ਪਲੋਟਾਈਨਸ ਦੇ ਰਹੱਸਵਾਦੀ ਸਿਧਾਂਤ, ਹੋਂਦ-ਨਿਕਾਸ (Emanation) ਦਾ ਨਾਂ ਦਿੱਤਾ ਜਾਂਦਾ ਹੈ: ਇਕ ਖੰਡ ਦੂਸਰੇ ਵਿਚੋਂ ਨਿਕਲਦਾ ਹੈ ਤੇ ਇਸ ਤਰ੍ਹਾਂ, ਇਕ ਦੂਜੇ ਵਿਚ ਪ੍ਰਵੇਸ਼ਤ ਹੁੰਦਾ ਪਰਤੀਤ ਹੁੰਦਾ ਹੈ। ਪਰ ਹਰ ਇਕ, ਸੱਤ-ਰੂਪ ਸੂਖਮਤਾ (ਜਿਸ ਨੂੰ ਸੱਚ ਖੰਡ ਕਿਹਾ ਹੈ) ਵੱਲ ਵਧ ਰਿਹਾ ਸਿੱਧ ਹੁੰਦਾ ਹੈ।

ਧਰਮ ਖੰਡ ਵਿਚ ਕਰਮਾਂ ਦਾ ਫਲ ਹੈ। ਨੇਕੀ ਤੇ ਬਦੀ ਦਾ ਵਰਤਾਰਾ ਹੈ। ਸਦਾਚਾਰ ਦੀ ਕਸਵੱਟੀ ਹੈ। ਫਲ ਦਾ ਨਿਰਨਾ ਮਰਨ ਉਪਰੰਤ ਜਾਂ ਸੱਚੇ ਦਰਬਾਰ ਵਿਚ ਹੁੰਦਾ ਹੈ। ਇਹ ਧਰਤੀ ਇਕ ਕਰਮ ਭੂਮੀ ਹੈ ਪਰੰਤੂ ਸੱਤ ਮਾਰਗ ਗ੍ਰਹਿਣ ਕਰਨ ਦੀ ਸੰਭਾਵਨਾ ਰੱਖਣ ਦੇ ਕਾਰਨ ਇਹ ਇਕ ਧਰਮਸਾਲ ਵੀ ਹੈ।

ਸਦਾਚਾਰਕ ਸੋਝੀ ਪਰਾਪਤ ਕਰਕੇ ਮਨੁੱਖ ਗਿਆਨੀ ਹੋ ਜਾਂਦਾ ਹੈ। ਉਸ ਦੇ ਗਿਆਨ ਦੀ ਵਿਸ਼ਾਲਤਾ ਵਿਕਾਸ ਕਰਕੇ ਦੂਰ ਦੂਰ ਜਾ ਪੁੱਜਦੀ ਹੈ। ਨਿੱਜਤਵ ਦੀ ਵਲਗਣ ਵਿਚੋਂ ਨਿਕਲ ਕੇ ਉਹ ਪਰਮਾਤਮਾ ਦੀ ਅਨੰਤਤਾ ਦਾ ਗਮਨ ਕਰਨ ਲਗ ਪੈਂਦਾ ਹੈ ਤੇ ਇਸ ਤਰ੍ਹਾਂ ਕਈ ਪਰਕਾਰ ਦਾ ਅਨੰਦ ਉਸ ਨੂੰ ਮਿਲਦਾ ਹੈ। ਇਹੋ ਗਿਆਨ ਖੰਡ ਦੀ ਸਥਿਤੀ ਹੈ।

ਸਰਮ ਖੰਡ ਦੀ ਵਿਆਖਿਆ ਕਠਨ ਹੈ। ਸਰਮ ਦੇ ਅਰਥ ਮਿਹਨਤ ਵੀ ਹੋ ਸਕਦੇ ਹਨ ਅਤੇ ਸਰਮ ਪੱਤ ਜਾਂ ਲੱਜ ਵੀ, ਜਿਸ ਨੂੰ ਅੰਗਰੇਜ਼ੀ ਵਿਚ ਆਨੁਰ (Honour) ਕਹਿੰਦੇ ਹਨ। ਜੇ ਮਿਹਨਤ ਅਰਥ ਕਰੀਏ ਤਾਂ ਭਾਵ ਤਪ ਸਾਧਨਾ ਤੋਂ ਹੈ, ਜਿਸ ਨਾਲ ਮਨੁੱਖ ਦਾ ਆਚਰਨ ਉੱਚਾ ਹੁੰਦਾ ਹੈ। ਆਚਰਨ ਪੈਦਾ ਹੋਣ ਨਾਲ ਅਥਾਹ ਸੁੰਦਰਤਾ ਦੀ ਘਾੜਤ ਹੁੰਦੀ ਹੈ। ਅਗੰਮੀ ਸੁੰਦਰਤਾ ਵਿਚੋਂ ਫੇਰ ਅਗੰਮੀ ਅਨੰਦ ਨਿਕਲਦਾ ਹੈ, ਜੋ ਬਿਆਨ ਨਹੀਂ ਕੀਤਾ ਜਾ ਸਕਦਾ। ਜੇ ਸਰਮ ਪਤ ਦੇ ਅਰਥ ਲਈਏ ਤਾਂ ਸ਼ਾਇਦ ਗੁਰਮਤ ਦੇ ਵਧੇਰੇ ਅਨੁਕੂਲ ਹੈ, ਕਿਉਂਕਿ ਗੁਰਮਤ ਵਿਚ ਹਠ-ਕਰਮ ਜਾਂ ਤਪ ਸਾਧਨਾ ਦੀ ਥਾਂ ਪ੍ਰੇਮਾ-ਭਗਤੀ ਨੂੰ ਮੁਖ ਰਖਿਆ ਗਿਆ ਹੈ। ਪ੍ਰੇਮੀ-ਭਗਤ, ਸੁਤੇ ਸਿਧ ਆਪਣੇ ਆਪੇ ਦਾ ਤਿਆਗ ਕਰਕੇ ਪ੍ਰੇਮੀ ਹੋਣ ਦੀ ਸਰਮਪਤ ਰਖਦਾ ਹੈ ਅਤੇ ਦੂਜੇ ਪਾਸੇ ਪ੍ਰੀਤਮ ਵਲੋਂ ਕਿਰਪਾ-ਬਖਸ਼ਸ਼ ਪ੍ਰਾਪਤ ਕਰਕੇ ਆਚਰਨਕ

ਉੱਚਤਾ ਦੀ ਸੁੰਦਰਤਾ ਦਾ ਸਵਾਮੀ ਹੋ ਜਾਂਦਾ ਹੈ। ਨਿਰਸੰਦੇਹ ਲੱਜ-ਸ਼ਰਮ (ਭਾਵੇਂ ਆਪਣੀ ਹੋਵੇ, ਟੱਬਰ ਦੀ ਹੋਵੇ, ਸਮਾਜ ਦੀ ਹੋਵੇ ਜਾਂ ਇਸ਼ਟ ਦੀ ਹੋਵੇ) ਤੋਂ ਬਿਨਾਂ ਕੋਈ ਮਨੁੱਖ ਉੱਚਾ ਆਚਰਨ ਪ੍ਰਾਪਤ ਨਹੀਂ ਕਰ ਸਕਦਾ। ਇਸ ਲਈ ਮੈਨੂੰ 'ਸਰਮ' ਸ਼ਬਦ ਦੇ ਇਹ ਅਰਥ ਵਧੇਰੇ ਢੁਕਵੇਂ ਜਾਪਦੇ ਹਨ। ਸ਼ਰਮ ਤੇ ਪ੍ਰੇਮ ਦੋਵੇਂ ਰਲ ਕੇ ਅਦੁਤੀ ਪ੍ਰਭਾਵ ਪੈਦਾ ਕਰ ਜਾਂਦੇ ਹਨ। ਸ਼ਰਮ ਤੇ ਧਰਮ ਸਦਾ ਇਕੱਠੇ ਹਨ, ਜਿਵੇਂ ਗੁਰੂ ਸਾਹਿਬ ਨੇ ਫਰਮਾਇਆ ਹੈ :

ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ। (ਤਿਲੰਗ)

ਕਰਮ ਖੰਡ ਦੇ ਅਰਥਾਂ ਵਿਚ ਵੀ ਮਤ-ਭੇਦ ਹੋ ਸਕਦਾ ਹੈ। ਜਪੁਜੀ ਵਿਚ ਹੀ ਕਰਮ ਸ਼ਬਦ ਦੇ ਦੋ ਅਰਥ ਹਨ ਇਕ ਕਾਰਜ ਜਾਂ ਕਿਰਿਆ, ਦੂਜਾ ਨਦਰ, ਬਖਸ਼ਸ਼ (ਬਖਸੀਸ), ਕਿਰਪਾ ਦਾਤ। ਕਈ ਟੀਕਾਕਾਰ ਪਹਿਲੇ ਅਰਥ ਲੈਂਦੇ ਹਨ। ਪਰ ਹੈਰਾਨੀ ਹੈ ਕਿ ਏਨੀ ਉਚੇਰੀ ਤੇ ਸੂਖਮ ਅਵਸਥਾ ਤੇ ਪਹੁੰਚ ਕੇ ਕਰਮਾਂ ਦੀ ਸਥਿਤੀ ਜੋ ਸਥੂਲ ਹੈ, ਕਿਵੇਂ ਸਾਰਥਕ ਹੋ ਸਕਦੀ ਹੈ ? ਗੁਰੂ ਗਰੰਥ ਸਾਹਿਬ ਵਿਚ ਇਕ ਥਾਂ ਕਰਮ ਅਵਸਥਾ ਨੂੰ ਗਿਆਨ ਤੋਂ ਹੇਠਾਂ ਦੀ ਅਵਸਥਾ ਮੰਨਿਆ ਹੈ, ਅਰਥਾਤ ਗਿਆਨ ਪ੍ਰਾਪਤ ਕਰਨ ਲਈ ਕਰਮ ਕੀਤਾ ਜਾਂਦਾ ਹੈ ਅਤੇ ਜਦ ਗਿਆਨ ਪ੍ਰਾਪਤ ਹੋ ਜਾਏ ਤਾਂ ਕਰਮ ਦੀ ਕੀ ਲੋੜ :

ਫਲ ਕਾਰਨ ਫੂਲੀ ਬਨਰਾਇ ॥
ਫਲੁ ਲਾਗਾ ਤਬ ਫੂਲੁ ਬਿਲਾਇ ॥
ਗਿਆਨੈ ਕਾਰਨ ਕਰਮ ਅਭਿਆਸੁ ॥
ਗਿਆਨ ਭਇਆ ਤਹ ਕਰਮਹ ਨਾਸੁ ॥
(ਭੈਰਉ, ਰਵਿਦਾਸ)

ਇਸੇ ਲਈ ਕਰਮ ਦੇ ਅਰਥ 'ਬਖਸੀਸ' ਕਰਨਾ ਵਧੇਰੇ ਸ਼ੁਧ ਜਾਪਦਾ ਹੈ। ਪਰਮਾਤਮਾ ਦੀ ਬਖਸ਼ਸ ਦਾ ਪਰਗਟਾ ਉਸ ਦੇ ਜੋਰ ਜਾਂ ਸ਼ਕਤੀ ਰਾਹੀਂ ਹੈ। ਕਰਮ ਜਾਂ ਕਿਰਿਆ ਕਰਨ ਵਾਲੇ ਵਿਚ ਸੂਖਮ ਮੰਡਲਾਂ ਦੇ ਪਰਥਾਇ ਕੀ ਸ਼ਕਤੀ ਹੋ ਸਕਦੀ ਹੈ ? ਉਹ ਤਾਂ ਫਲ ਦਾ ਭੁਖਾ ਹੈ, ਕਰਮ ਕਰਕੇ ਫਲ ਭੋਗ ਰਿਹਾ ਹੈ। ਇਸ ਦੇ ਉਲਟ ਬਖਸ਼ਿਆ ਹੋਇਆ ਮਨੁੱਖ ਅਸਲ ਅਰਥਾਂ ਵਿਚ ਸ਼ਕਤੀਸ਼ਾਲੀ ਹੈ।

ਨੌਂ ਨਿਧਾਂ ਤੇ ਅਠਾਰਾਂ ਸਿਧੀਆਂ ਉਸ ਦੇ ਪਿੱਛੇ ਫਿਰਦੀਆਂ ਹਨ। ਰੱਬ ਦੇ ਬਖਸ਼ੇ ਹੋਏ ਮਨੁਖ ਹੀ ਮਹਾਂ-ਬਲੀ ਸੂਰੇ ਤੇ ਮਹਾਨ ਸ਼ਹੀਦ ਬਣਦੇ ਹਨ, ਕਿਉਂਕਿ ਉਨ੍ਹਾਂ ਦੇ ਮਨ ਵਿਚ ਹਰ ਵੇਲੇ ਪ੍ਰਭੂ ਵਸਿਆ ਹੋਇਆ ਹੁੰਦਾ ਹੈ। ਅਸਲ ਵਿਚ ਮਹਾਂ-ਬਲੀ ਸੂਰੇ ਭਗਤ-ਜਨ ਹੀ ਹਨ ਜੋ ਰਬ ਦੇ ਰੰਗ ਵਿਚ ਰੱਤੇ ਹਨ ਤੇ ਅਜਰ ਵਸਤੂ ਨੂੰ ਜਰਦੇ ਹਨ ਅਤੇ ਲੋੜ ਪੈਣ ਤੇ ਸ਼ਹੀਦ ਵੀ ਹੋ ਜਾਂਦੇ ਹਨ।

ਸੱਚ ਖੰਡ ਬਾਰੇ ਗੁਰੂ ਜੀ ਨੇ ਬਹੁਤ ਘਟ ਲਿਖਿਆ ਹੈ। ਉਹ ਨਿਰੰਕਾਰ ਦਾ ਦੇਸ ਹੈ, ਅਰਥਾਤ ਨਿਰੋਲ ਸੂਖਮਤਾ ਦਾ ਲਖਾਇਕ ਮੰਡਲ ਹੈ। ਪਰ ਉਥੇ ਕਈ ਖੰਡ ਤੇ ਕਈ ਮੰਡਲ ਹਨੁ ਜਿਹਨਾ ਦਾ ਕੋਈ ਅੰਤ ਨਹੀਂ। ਕਈ ਲੋਅ ਤੇ ਪੁਰੀਆਂ ਹਨ ਅਤੇ ਕਈ ਸੂਖਮ ਅਕਾਰ। ਗੁਰ ਸਾਹਿਬ ਕਹਿੰਦੇ ਹਨ ਕਿ ਇਸ ਖੰਡ ਬਾਰੇ ਕੁਝ ਕਹਿਣਾ ਲੋਹ ਚਬਾਣ ਦੇ ਤੁੱਲ ਹੈ।

ਵੇਖੈ ਵਿਗਸੈ ਕਰਿ ਵੀਚਾਰੁ ॥
ਨਾਨਕ ਕਥਨਾ ਕਰੜਾ ਸਾਰੁ ॥ 37 ॥

ਉਥੇ ਸੱਚਾ ਰੱਬ ਵਿਗਾਸ ਵਿਚ ਹੈ, ਕਿਸੇ ਅਗੰਮੀ-ਵਿਚਾਰ ਅਵਸਥਾ ਵਿਚ ਹੈ। ਉਹ 'ਤਾਕੋ ਤਾਕ' ਦੇਖ ਰਿਹਾ ਹੈ ਅਤੇ ਨਦਰਿ ਬਖਸ਼ਸ਼ ਦੇ ਖਜ਼ਾਨੇ ਲੁਟਾ ਰਿਹਾ ਹੈ, ਜਿਨ੍ਹਾਂ ਦਾ ਕੋਈ ਪਾਰਾਵਾਰ ਨਹੀਂ। ਪ੍ਰਮਾਤਮਾ ਦੀ ਸਭ ਤੋਂ ਵੱਡੀ ਵਡਿਆਈ ਜਿਸ ਦਾ ਪ੍ਰਤੀਕ ਸੱਚ-ਖੰਡ ਹੈ, ਉਸ ਦੀ ਬੇਪਰਵਾਹੀ, ਉਸ ਦੇ ਲਾਉ-ਬਾਲੀਪਨ ਅਤੇ ਉਸ ਦੀ ਅਥਾਹ ਬਖਸ਼ਸ਼ ਦੇ ਰਹੱਸ ਵਿਚ ਲੁਕੀ ਹੋਈ ਹੈ।

———

ਵਿਸ਼ੇਸ਼ ਨੋਟ

ਕਿਰਪਾ ਕਰਕੇ ਸਫਾ 136 ਦੀ ਭੁੱਲ ਸੋਧੋ।

ਅਸ਼ੁਧ ਸ਼ਬਦ	ਸ਼ੁਧ ਸ਼ਬਦ
Instuition	Intuition

ਅਰਥ

ਸਫਾ—10. 1. ਆਪਣੇ ਆਪ ਤੋਂ ਹੋਣ ਵਾਲਾ।

ਸਫਾ—14. 1. ਜੁਗਾਂ ਦੇ ਆਰੰਭ ਤੋਂ।

ਸਫ਼ਾ—16. 1. ਭਾਵ ਪਰਮਾਤਮਾ ਮਨੁੱਖੀ ਸੋਚ ਦੀ ਪਕੜ ਤੋਂ ਬਹੁਤ ਪਰੇ ਹੈ। 2. ਮੋਨ ਧਾਰਨ ਕਰਨ ਨਾਲ। 3. ਇਕਤਾਰ ਜਾਂ ਨਿਰੰਤਰ ਸਮਾਧੀ। 4. ਜੇ ਸਾਰੇ ਭਵਨਾ ਦੇ ਪਦਾਰਥਾਂ ਦੇ ਸਮੂਹ ਭੀ ਬੰਨ੍ਹ ਲਵਾਂ। 5. ਕੰਧ, ਪਰਦਾ। (ਇਹ ਜਪੁਜੀ ਦੀ ਮੂਲ ਸਮਸਿਆ ਹੈ ਕਿ ਮਨੁਖ ਕਿਵੇਂ ਪ੍ਰਮਾਤਮਾ ਦੇ ਦਰ ਤੋਂ ਸਚਾ ਹੋਵੇ ਅਤੇ ਕਿਵੇਂ ਝੂਠ ਦੀ ਦੀਵਾਰ ਢਾਏ।

ਸਫਾ—18. 1. ਸ੍ਰਿਸ਼ਟੀ ਦੀ ਉਤਪਤੀ ਹੋਈ ਹੈ।)

ਸਫਾ—20. 1. ਤਾਕਤ, ਬਲ। 2. ਸੁੰਦਰ। 3. ਔਖਾ। 4. ਸਾਜ ਕੇ, ਪੈਦਾ ਕਰਕੇ। 5. ਸੁਆਹ। 6. ਦ੍ਰਿਸ਼ਟੀ ਦੀ ਸੀਮਾਂ ਤੋਂ ਦੂਰ। 7. ਹਾਜਰ ਨਾਜਰ। 8. ਸਦਾ ਹੀ, ਯੁਗਾਂਤਰਾਂ ਤਕ, ਜੁਗੋ ਜੁਗੀ। 9. ਪ੍ਰਸੰਨ ਹੋ ਰਿਹਾ ਹੈ, ਖੁਸ਼ ਹੋ ਰਿਹਾ ਹੈ। 10. ਚਿੰਤਾ ਤੋਂ ਪਰੇ।

ਸਫਾ—22. 1. ਨਾਮ। 2. ਬੋਲੀ, ਕਥਨੀ। 3. ਭਾਵ, ਭਾਵਨਾ। 4. ਕਿਹੜੀ, (ਭੇਟਾ) ਕੀ। 5. ਸ਼ਰੀਰ ਰੂਪੀ ਕਪੜਾ, ਮਾਣਸ ਦੇਹ। 6. ਰੱਬ ਦੀ ਮਿਹਰ ਸਦਕਾ।

ਸਫਾ—24. 1. ਗੁਣਾਂ ਦਾ ਖ਼ਜ਼ਾਨਾ (ਪਰਮਾਤਮਾ)। 2. ਦੂਰ ਕਰਕੇ। 3. ਸ਼ਬਦ, ਨਾਮ। 4. ਗੁਰੂ ਦਾ ਵਾਕ ਹੀ ਵੇਦ ਹੈ। 5. ਸਮਝਾ ਦਿਤੀ ਹੈ।

ਸਫਾ—26. 1. ਇਸ਼ਨਾਨ ਕਰਕੇ ਮੈਂ ਕੀ ਕਰਾਂ। 2. ਸ੍ਰਿਸ਼ਟੀ।

ਸਫਾ—28. 1. ਉਮਰ, ਆਯੂ। 2. ਦਸ ਗੁਣਾ ਜ਼ਿਆਦਾ, ਦਸ ਗੁਣੀ। 3. ਖਬਰ-ਸਾਰ। 4. ਇਹੋ ਜਿਹਾ, ਐਸਾ।

ਸਫਾ—30. 1. ਰਬ ਦਾ ਨਾਮ ਸੁਨਣ ਨਾਲ। 2 ਬਲਦ। 3. ਲੋਕ, ਭਵਣ।

ਸਫਾ—32. 1. ਭੇੜਾ (ਮਨੁੱਖ)। 2. ਰਹੱਸ, ਗੁਪਤ ਗੱਲਾਂ।

ਸਫਾ—34. 1. ਸੱਚ ਦਾ ਗਿਆਨ ਜਾਂ ਦਾਨ। 2. ਅਠਾਹਠ ਤੀਰਥ।

ਸਫਾ—36. ਗੁਣਾਂ ਦੇ ਸਰੋਵਰਾਂ ਦੀ ਤਹਿ ਮਿਲ ਜਾਂਦੀ ਹੈ। 2. (ਗਿਆਨ ਦਾ) ਡੂੰਘਾ ਜਾਂ ਅਥਾਹ ਸਮੁੰਦਰ।

ਸਫਾ—38. 1. ਮੰਨਣ ਵਾਲੇ ਦੀ, ਮਨਣ ਕਰਨ ਵਾਲੇ ਦੀ। 2. ਬਹਿ ਕੇ।

ਸਫਾ—40. 1. ਤਨਮਇਤਾ, ਲੀਨਤਾ (ਆਤਮ ਗਿਆਨ)। 2. ਭਵਨ, ਲੋਕ।

ਸਫਾ—42. 1. ਰੁਕਾਵਟ, ਬਾਧਾ। 2. ਸਪੱਸ਼ਟ ਅਤੇ ਪ੍ਰਗਟ ਰੂਪ ਵਿਚ ਜਾਂਦਾ ਹੈ। 3. ਨਾਲ।

ਸਫਾ—44. 1. ਮੁਕਤੀ ਦਾ ਦੁਆਰ। 2. ਆਧਾਰ ਸਹਿਤ ਬਣਾਂਦਾ ਹੈ, ਸੁਧਾਰਦਾ ਹੈ। 3. (ਮੁਕਤੀ ਦੀ) ਭਿਖਿਆ ਲਈ।

ਸਫਾ—46. 1. ਨਾਮ ਨੂੰ ਸੁਣਨ, ਮੰਨਣ, ਸਿਮਰਨ ਤੇ ਉਸ ਤੇ ਆਚਰਣ ਕਰਨ ਵਾਲੇ ਸ੍ਰੇਸ਼ਟ ਮਨੁੱਖ, ਭਾਵ ਚੰਗੇ ਪੁਰਖ। 2. ਲੇਖਾ, ਗਣਨਾ। 3 ਬਲਦ। 4. ਠੀਕ ਤਰ੍ਹਾਂ ਮਰਯਾਦਾ ਵਿਚ। 5. ਸਚ ਰੂਪ ਹੋ ਜਾਂਦਾ ਹੈ। 6. ਗਤੀਮਾਨ ਜਾਂ ਇਕ ਸਾਰ ਚਲ ਰਹੀ ਕਲਮ ਨਾਲ। 7. ਕੌਣ ਲਿਖਣਾ ਜਾਣਦਾ ਹੈ, ਭਾਵ ਰਬ ਦੀ ਕੁਦਰਤ ਨੂੰ ਕੋਈ ਹੀ ਸਮਝ ਸਕਦਾ ਹੈ। 8. ਸ਼ਕਤੀ। 9. ਸੁੰਦਰ। 10. ਅਨੁਮਾਨ, ਅੰਦਾਜ਼ਾ। 11. ਪ੍ਰਕ੍ਰਿਤੀ, ਤਾਕਤ, ਸਮਰਥਾ।

ਸਫਾ - 48. 1. ਮੂੰਹ ਉਪਰ ਲੋਹਾ ਖਾਂਦੇ ਹਨ, ਅਰਥਾਤ ਸਨਮੁਖ ਲੜਦੇ ਹਨ, ਜੂਝਦੇ ਹਨ। 2. ਬਿਰਤੀ ਜੋੜ ਕੇ ਮੋਨ ਧਾਰਨ ਕਰਨ ਵਾਲੇ।

ਸਫਾ—50. 1. ਹੁਕਮ। 2. ਇਸ ਦੁਨੀਆ ਤੋਂ ਚਲੇ ਜਾਂਦੇ ਹਨ। 3 ਭ੍ਰਿਸ਼ਟ ਆਹਾਰ ਖਾਂਦੇ ਹਨ 4. ਸਿਰ ਉਤੇ ਨਿੰਦਿਆ ਦਾ ਭਾਰ ਚੁਕਦੇ ਹਨ।

ਸਫਾ—52. 1. ਨਾਮ, ਨਾਂ। 2. ਲੋਕ, ਭਵਨ। 3. ਸਿਰ ਤੇ ਗਲਤ ਗੁਸਤਾਖੀਆਂ ਦਾ ਭਾਰ ਲਦਣਾ ਹੈ। 4. ਗੁਣ-ਗਾਥਾ, ਗੁਣਾਂ ਸੰਬੰਧੀ ਸਿਫਤ ਸਲਾਹ। 5. ਬਾਣੀ, ਬੋਲੀ। 6. ਭਾਗ, ਕਿਸਮਤ, ਮਸਤਕ ਦਾ ਲੇਖ। 7. ਅਧੀਨ ਨਹੀਂ ਹੈ (ਭਾਵ ਪ੍ਰਮਾਤਮਾ ਦੇ ਮਥੇ ਦਾ ਲੇਖ ਕਿਸੇ ਨਹੀਂ ਲਿਖਿਆ)। 8. (ਜਿਸ ਤਰ੍ਹਾਂ ਪ੍ਰਭੂ ਹੁਕਮ ਕਰਦਾ ਹੈ) ਉਸੇ ਤਰ੍ਹਾਂ ਜੀਵ ਆਪਣੇ ਸੰਜਗ ਭੋਗਦੇ ਹਨ।

ਸਫਾ—54. 1. ਮੈਲ. ਮਿਟੀ, ਧੂੜ। 2. ਅਪਵਿਤਰ।

ਸਫਾ—56. 1. ਦਿੱਤਾ ਹੋਇਆ, ਪੁੰਨ। 2. ਤਿਲ ਮਾਤਰ, ਰਤਾ ਕੁ। 3. ਅੰਦਰਲੇ, ਅੰਤਰ ਆਤਮੇ। 4. ਮਲ ਮਲ ਕੇ ਇਸ਼ਨਾਨ ਕਰਦਾ ਹੈ। 5. ਤੂੰ ਧੰਨ ਹੈ (ਤੇ) ਤੇਰੀ ਸਦਾ ਜੈ ਹੋਵੇ 6. ਬ੍ਰਹਮੰਡ। 7. ਸੋਹਣੀ ਸ਼ੋਭਾ (ਦਾ ਵਰਣਨ)। 8 ਇਹ ਸ੍ਰਿਸ਼ਟੀ ਬਣੀ। 9. ਸਮਾਂ (ਭਾਵ ਪੰਡਤਾਂ ਨੂੰ ਉਹ ਵੇਲਾ ਨਹੀਂ ਲਭਿਆ ਨਹੀਂ ਤਾਂ ਉਹ ਵੇਲਾ ਪੁਰਾਣਾਂ ਵਿਚ ਲਿਖਿਆ ਹੁੰਦਾ)। 10. ਸ੍ਰਿਸ਼ਟੀ ਨੂੰ। 11. ਵਰਣਨ ਕਰਾਂ।

12. ਨਾਮ । 13. ਪ੍ਰਭੂ ਦੇ ਦਰ ਤੇ ਆਦਰ ਨਹੀਂ ਪਾਉਂਦਾ ।

ਸਫਾ—58. 1. ਆਕਾਸ਼ । 2. ਅੰਤ । 3. (ਸਾਰੇ ਵੇਦ) ਇਕੋ ਗੱਲ ਕਹਿੰਦੇ ਹਨ । 4 (ਤੌਰੇਤ, ਜ਼ੱਬੂਰ, ਅੰਜੀਲ, ਕੁਰਾਨ ਆਦਿ ਕਤੇਬਾਂ ਕਹਿੰਦੀਆਂ ਹਨ ਕਿ ਕੁਲ 18000 ਆਲਮ ਹਨ ਜਿਨ੍ਹਾਂ ਦਾ ਮੁੱਢ) ਇਕ ਅਕਾਲ ਪੁਰਖ (ਹੈ) ।

ਸਫਾ—60. 1. ਸਮਝ, ਬੁੱਧੀ, ਗਿਆਨ (ਭੇਤ) । 2. ਵਗਣ ਵਾਲੇ ਨਾਲੇ । 3. ਸਮੁੰਦ੍ਰ ਵਾਂਗ । 4. ਪਹਾੜਾਂ ਜਿਡੇ (ਗਿਰਹਾ ਸੇਤੀ) ।

ਸਫਾ—62. 1. ਦਾਤਾਂ, ਦਾਨ । 2. ਮਨ ਮਾਹਿ, ਭਾਵਨਾ । 3. ਆਦਿ ਅੰਤ । 4. ਲਿਲਕਣੀਆਂ ਲੈਂਦੇ ਹਨ । 5. ਪ੍ਰਭੂ ਦਾ ਟਿਕਾਣਾ । 6. ਪਰਮਾਤਮਾਂ ਦੀ ਕ੍ਰਿਪਾ ।

ਸਫਾ—64. 1. ਬਖਸ਼ਿਸ਼ਾਂ, ਦਾਤਾਂ । 2. ਲਾਲਚ । 3. ਵਿਕਾਰਾਂ ਵਿਚ । 4. ਮਾਇਆ ਤੋਂ ਛੁਟਕਾਰਾ । 5. ਮੂਰਖ । 6. ਉਹ ਵੀ ।

ਸਫਾ—66. 1. ਅਮੋਲਕ 2. ਸ਼ਰਧਾ ਭਾਵ, ਭਾਵਨਾ । 3. ਸਮਾਧੀ, ਲੀਨਤਾ । 4. ਕਚਹਿਰੀ, ਦਰਬਾਰ । 5. ਤੱਕੜੀ ਅਤੇ ਤੋਲ । 6. ਤੁਲ ਕੇ ਪ੍ਰਵਾਨ ਹੋਏ ਹੋਏ । 7. ਹੁਕਮ । 8. ਆਖ ਰਹੇ ਹਨ । 9. ਸੇਵਕ । 10. ਇਸ ਦੁਨੀਆਂ ਤੋਂ ਚਲੇ ਜਾ ਰਹੇ ਹਨ 11. (ਉਹ) ਆਪਣੀ) ਬੋਲੀ ਨੂੰ ਵਿਗਾੜਦਾ ਹੈ 12. (ਗਾਵਾਰਾ) ਮਹਾਂ ਮੂਰਖ ।

ਸਫਾ—68. 1. ਕੇਡਾ ਸੁੰਦਰ ਤੇ ਅਸਚਰਜ । 2. ਜਿਥੇ ਬੈਠ ਕੇ ਤੂੰ ਸਾਰੇ ਜੀਵਾਂ ਦੀ ਸੰਭਾਲ ਕਰਦਾ ਹੈ 3. ਰਾਗਨੀਆਂ 4. ਅਗਨੀ 5 ਧਰਮਰਾਜ । 6. (ਚਿਤਰ ਗੁਪਤ ਦੇ ਲਿਖੇ ਜੀਵਾਂ ਦੇ ਚੰਗੇ ਮੰਦੇ ਕੰਮਾਂ ਨੂੰ) ਧਰਮਰਾਜ ਵੀ ਵਿਚਾਰਦਾ ਹੈ । 7. ਤਕੜੇ ਸੂਰਮੇ । 8. ਮਹਾਂ ਰਿਖੀ । 9. ਤਿੰਨ ਲੋਕਾਂ (ਸੁਅਰਗ, ਪ੍ਰਿਥਵੀ ਅਤੇ ਪਾਤਾਲ) ਵਿਚ । 10. ਅਠਾਹਠ । 11. ਚਾਰ ਖਾਣੀਆਂ ਅੰਡਜ, ਜੇਰਜ, ਸੇਤਜ, ਉਤਭਿਜ (ਸਾਰੇ ਜੀਵ ਜੰਤੂ) 12. ਬ੍ਰਹਮੰਡ । 13. ਰਸ ਦੇ ਘਰ, ਰਸਿਕ । 14. ਨਾਮ । 15. ਕਿਸਮਾਂ ਦੀ । 16. ਜਿਨਸ, ਵਸਤੂ ।

ਸਫਾ—70. 1. ਸ਼੍ਰਮ, ਜਾਂ ਉੱਦਮ । 2. ਗੁਦੜੀ । 3. ਵਿਕਾਰਾਂ ਤੋਂ ਅਛੋਹ ਸ਼ਰੀਰ । 4. ਯੁਕਤੀ । 5. ਵਿਸ਼ਵਾਸ਼, ਸ਼ਰਧਾ । 6. ਯੋਗੀਆਂ ਦਾ ਇਕ ਸੰਪ੍ਰਦਾਇ 7. ਵਰਣ ਰਹਿਤ 8. (ਅਨਾਹਿਤ) ਨਾਸ਼ ਰਹਿਤ ।

ਸਫਾ—72. 1. ਚੂਰਮਾ, ਭੁਗਤੀ। 2. ਵਸ ਕੀਤੀ ਹੋਈ। 3. ਹੋਰ।

ਸਫਾ—74. 1. ਮਾਇਆ ਕਿਸੇ ਜੁਗਤੀ ਨਾਲ ਵਿਆਹੀ। 2 ਪ੍ਰਤਖ ਤੌਰ ਤੇ 3. ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਸੰਸਾਰ ਦੇ ਨਿਰਮਾਤਾ, ਪੋਸ਼ਕ ਅਤੇ ਖੈ ਦੇ ਕਾਰਨ ਹਨ। 4. ਅਚਰਜ ਹੈ।

ਸਫਾ—76. 1. ਹਰ ਇਕ ਲੋਕ ਵਿਚ (ਉਸ ਪ੍ਰਭੂ ਦੇ ਭੰਡਾਰਾਂ ਦਾ ਟਿਕਾਣਾ)ਹੈ।

ਸਫਾ—78. 1. ਜੀਭ ਤੋਂ। 2. ਪ੍ਰੀਤਮ ਨੂੰ ਮਿਲਾਣ ਵਾਲੀਆਂ ਪੌੜੀਆਂ। 3. ਆਪਣਾ ਆਪਾ ਗੁਵਾ ਕੇ ਪ੍ਰਭੂ ਰੂਪ ਹੋ ਜਾਈਦਾ ਹੈ। 4. ਸ਼ੇਖੀ

ਸਫਾ—80. 1. ਜੀਵ ਦਾ ਜ਼ੋਰ (ਮਰਜ਼ੀ) ਨਹੀਂ ਚਲਦੀ 2. ਮਨ ਦੇ ਸੰਕਲਪ 3. ਆਤਮ ਜਾਗ ਵਿਚ 4. ਯੁਕਤੀ ਜਾਂ ਰਹਿਤ ਵਿਚ। 5. ਮੁਕਤ ਹੋਵੇ।

ਸਫਾ—82. 1. ਰਾਤਾਂ। 2. ਯੁਕਤੀ ਜਾਂ ਵਿਧਾਨ ਪੂਰਵਕ। 3. ਜੀਵਾਂ ਦੇ ਕੀਤੇ ਕਰਮਾਂ ਅਨੁਸਾਰ। 4. ਸੰਤ ਜਨ (ਪੰਚ) ਪ੍ਰਤੱਖ ਤੌਰ ਤੇ ਸ਼ੋਭਦੇ ਹਨ)। 5. ਪਰਮਾਤਮਾ ਦੀ ਮਿਹਰ ਤੇ ਬਖਸ਼ਿਸ਼ ਨਾਲ। 6. (ਧਰਮ ਖੰਡ ਵਿਚ ਕਰਮ ਅਗਨੀ ਦੁਆਰਾ) ਕਚੇ ਪਕੇ ਲੋਕਾਂ ਦੀ ਪਰਖ ਹੋ ਜਾਂਦੀ ਹੈ 7. (ਗਇਆ)ਉਥੇ ਜਾ ਕੇ ਹੀ ਜਾਣਿਆ ਜਾਂਦਾ ਹੈ।

ਸਫਾ 84. 1. ਮੰਤਵ, ਨੇਮ। 2. ਦਸ਼ਾ, ਅਵਸਥਾ। 3. ਪਰਬਤ, ਸੁਮੇਰ। 4 ਪਾਤਸ਼ਾਹ ਤੇ ਰਾਜੇ। 5. ਸ਼ੁਤੀਆਂ।

ਸਫਾ—86. 1. ਪ੍ਰਬਲ। 2. ਕੌਤਕ। 3. ਉੱਦਮ। 4. ਉਦਮ ਦੀਆਂ ਅਵਸਥਾ ਦੀਆਂ ਗੱਲਾਂ। 5. ਦੇਵਤਿਆਂ ਅਤੇ ਸਿੱਧਾਂ ਦੀ ਸੂਝ।

ਸਫਾ—88. 1. ਮਿਹਰ। 2. ਉਸ ਅਵਸਥਾ ਵਿਚ ਪਹੁੰਚ ਕੇ ਮਨੁਖ ਜੋਧਾ, ਮਹਾਂਬਲੀ ਤੇ ਸੂਰਮਾ ਹੋ ਜਾਂਦਾ। 3. ਅਤੇ ਆਤਮਿਕ ਸ਼ਾਂਤੀ ਵਜੋਂ ਸੀਤਾ ਹੀ ਸੀਤਾ ਮਹਿਮਾ ਰੂਪ ਹੈ। 4. ਕਈ ਲੋਕਾਂ। 5. ਬ੍ਰਹਮੰਡ। 6. ਵਿਗਸਦਾ ਹੈ, ਪ੍ਰਸੰਨ ਹੁੰਦਾ ਹੈ। 7. ਕਰੜੇ ਲੋਹੇ ਦੇ ਚਬਾਣ ਵਾਂਗ।

ਸਫਾ 90—1. ਆਪਣੀਆਂ ਇੰਦ੍ਰੀਆਂ ਨੂੰ ਵਿਕਾਰ ਤੋਂ ਰੋਕਣਾ, ਸੰਜਮ। 2. ਸੁਨਿਆਰੇ ਦੀ ਭੱਠੀ। 3 (ਭੈ ਦੀ) ਧੋਂਕਨੀ। 4. ਤਪਸਿਆ 5. ਕੁਨਾਲੀ। 6. ਕ੍ਰਿਪਾ ਦ੍ਰਿਸ਼ਟੀ।

ਸਫਾ 92—1. ਮਹਾਨ, ਵਿਸਤ੍ਰਿਤ। 2. ਵਾਚਿਆ ਜਾਂਦਾ ਹੈ। 3. ਮਿਹਨਤ ਕਰਕੇ ਜ਼ਿੰਦਗੀ ਸਫਲੀ ਕਰ ਗਏ। 4. ਕਿਤਨਿਆਂ ਨੂੰ ਆਪਣੇ ਨਾਲ ਮੁਕਤ ਕਰਕੇ ਲੈ ਗਏ।

— — —